# Punjab Government Gazette

## EXTRAORDINARY

*Published by Authority*

CHANDIGARH, FRIDAY, AUGUST 14, 2026
(SRAVANA 23, 1947 SAKA)

ਵਿਧਾਨਕ ਅਨੁਪੂਰਕ

| | ਮਜ਼ਮੂਨ | ਪੰਨੇ |
|---|---|---|
| ਭਾਗ I | ਐਕਟ | |
| | 1. ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਐਕਟ, 1992 (1993 ਦਾ ਪੰਜਾਬ ਐਕਟ ਨੰ. 2) | ... 873-910 |
| | 2. ਗੁਰੂ ਅੰਗਦ ਦੇਵ ਸਲੋਤਰੀ ਅਤੇ ਪਸ਼ੂ ਵਿਗਿਆਨ ਯੂਨੀਵਰਸਿਟੀ ਐਕਟ, 2005(2005 ਦਾ ਪੰਜਾਬ ਐਕਟ ਨੰ. 16) | ... 911-966 |
| ਭਾਗ II | ਆਰਡੀਨੈਂਸ | |
| | *ਕੋਈ ਨਹੀਂ* | |
| ਭਾਗ III | ਅਧੀਨ ਵਿਧਾਨਕਾਰੀ | |
| | *ਕੋਈ ਨਹੀਂ* | |
| ਭਾਗ IV | ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ | |
| | *ਕੋਈ ਨਹੀਂ* | |

———

ਭਾਗ–I

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 14 ਅਗਸਤ, 2026

ਨੰ.60/ਭ:ਕ/2026.— ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਐਕਟ, 1992 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

NOTIFICATION

The 14th August, 2026

No.60/L.C./2026.— The Translation in Punjabi of the Punjab State Board of Technical Education and Industrial Training Act, 1992 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਐਕਟ, 1992

(1993 ਦਾ ਪੰਜਾਬ ਐਕਟ ਨੰ: 2)

ਪੰਜਾਬ ਰਾਜ ਵਿੱਚ ਬਹੁ—ਤਕਨੀਕੀ ਅਤੇ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੀ ਤਰੱਕੀ ਅਤੇ ਤਾਲਮੇਲ ਲਈ ਅਤੇ ਇਸ ਨਾਲ ਤੱਲਕ ਰੱਖਦੇ ਹੋਏ ਵਿਸ਼ਿਆਂ ਲਈ, ਜਿਨ੍ਹਾਂ ਵਿੱਚ ਹੁਨਰ ਵਿਕਾਸ ਪ੍ਰੇਰਨਾ ਸਕੀਮ ਜਾਂ ਅਜਿਹੀ ਕਿਸੇ ਹੋਰ ਸਕੀਮ ਅਧੀਨ ਵਿਸ਼ੇ ਸ਼ਾਮਲ ਹਨ, ਇੱਕ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਦੀ ਸਥਾਪਨਾ ਦਾ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਤਰਤਾਲੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ, ਵਿਸਤਾਰ ਅਤੇ ਅਰੰਭ। 1. (1) ਇਸ ਐਕਟ ਨੂੰ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਐਕਟ, 1992 ਕਿਹਾ ਜਾ ਸਕੇਗਾ।

(2) ਇਸ ਦਾ ਵਿਸਤਾਰ ਸਾਰੇ ਪੰਜਾਬ ਰਾਜ ਤੇ ਹੋਵੇਗਾ।

(3) ਇਹ ਅਜਿਹੀ ਤਰੀਕ ਨੂੰ ਨਾਫ਼ਜ਼ ਹੋਵੇਗਾ ਜੋ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਨਿਯਤ ਕਰੇ।

ਪਰਿਭਾਸ਼ਾਵਾਂ। 2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨ ਲੋੜੇ,-

(ੳ) "ਸੰਬੱਧਤ ਸੰਸਥਾ" ਦਾ ਮਤਲਬ ਹੈ ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਦੀ ਅਨੁਸਾਰਤਾ ਵਿੱਚ ਕਿਸੇ ਅਧਿਐਨ ਕੋਰਸ ਜਾਂ ਕੋਰਸਾਂ ਦੇ ਬਾਰੇ ਵਿੱਚ ਬੋਰਡ ਨਾਲ ਸੰਬੱਧਤ ਸੰਸਥਾ ਹੈ;

(ਅ) "ਸਰਬ-ਭਾਰਤੀ ਤਕਨੀਕੀ ਸਿੱਖਿਆ ਪਰਿਸ਼ਦ" ਦਾ ਮਤਲਬ ਹੈ ਭਾਰਤ ਸਰਕਾਰ ਦੁਆਰਾ ਸਥਾਪਤ ਸਰਬ-ਭਾਰਤੀ ਤਕਨੀਕੀ ਸਿੱਖਿਆ ਪਰਿਸ਼ਦ;

(ੲ) "ਬੋਰਡ" ਦਾ ਮਤਲਬ ਹੈ ਧਾਰਾ 3 ਅਧੀਨ ਸਥਾਪਤ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ;

(ਸ) "ਚੇਅਰਮੈਨ" ਦਾ ਮਤਲਬ ਹੈ ਬੋਰਡ ਦਾ ਚੇਅਰਮੈਨ;

(ਹ) "ਪ੍ਰਮਾਣ-ਪੱਤਰ" ਦਾ ਮਤਲਬ ਹੈ ਐਕਟ ਦੇ ਉਪਬੰਧਾਂ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਦੀ ਅਨੁਸਾਰਤਾ ਵਿੱਚ ਅਧਿਐਨ ਦੇ ਕਿਸੇ ਕੋਰਸ ਜਾਂ ਕੋਰਸਾਂ ਦੇ ਬਾਰੇ ਬੋਰਡ ਦੁਆਰਾ ਦਿੱਤਾ ਗਿਆ ਪ੍ਰਮਾਣ-ਪੱਤਰ;

(ਕ) "ਕਮੇਟੀ" ਦਾ ਮਤਲਬ ਹੈ ਧਾਰਾ 19 ਅਧੀਨ ਬੋਰਡ ਦੁਆਰਾ ਗਠਤ ਇੱਕ ਕਮੇਟੀ;

(ਖ) "ਡਿਪਲੋਮਾ" ਦਾ ਮਤਲਬ ਕਿਸੇ ਸੰਬੱਧਤ ਸੰਸਥਾ ਵਿੱਚ ਅਧਿਐਨ ਦੇ ਅਜਿਹੇ ਕੋਰਸਾਂ, ਜੋ ਸਮੇਂ ਸਮੇਂ ਤੇ ਵਿਨਿਯਮਾਂ ਦੁਆਰਾ ਮੁਕੱਰਰ ਕੀਤੇ ਜਾਣ, ਨੂੰ ਸਫ਼ਲਤਾ-ਪੂਰਬਕ ਪੂਰਾ ਕਰਨ 'ਤੇ ਕਿਸੇ ਵਿਅਕਤੀ ਨੂੰ ਦਿੱਤੇ ਡਿਪਲੋਮੇ ਤੋਂ ਹੈ;

(ਗ) "ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਦਾ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ;

(ਘ) "ਉਦਯੋਗਿਕ ਸਿਖਲਾਈ" ਦਾ ਮਤਲਬ ਹੈ ਕਿਸੇ ਉਦਯੋਗਿਕ ਸਿਖਲਾਈ ਦੀ ਸੰਸਥਾ ਵਿੱਚ ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਸਿਖਲਾਈ;

(ਙ) "ਸੰਸਥਾ" ਦਾ ਮਤਲਬ ਤਕਨੀਕੀ ਸਿੱਖਿਆ ਜਾਂ ਉਦਯੋਗਿਕ ਸਿਖਲਾਈ ਜਾਂ ਦੋਵੇਂ ਦੇਣ ਵਾਲੀ ਇੱਕ ਸੰਸਥਾ ਹੈ;

(ਚ) "ਮੈਂਬਰ" ਦਾ ਮਤਲਬ ਹੈ ਬੋਰਡ ਦਾ ਮੈਂਬਰ ਅਤੇ ਇਸ ਵਿੱਚ ਉਸ ਦਾ ਚੇਅਰਮੈਨ, ਵਾਈਸ-ਚੇਅਰਮੈਨ ਅਤੇ ਸਕੱਤਰ ਸ਼ਾਮਲ ਹੈ;

(ਛ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਜ) "ਵਿਨਿਯਮ" ਦਾ ਮਤਲਬ ਹੈ ਇਸ ਐਕਟ ਅਧੀਨ ਬੋਰਡ ਦੁਆਰਾ ਬਣਾਇਆ ਗਿਆ ਵਿਨਿਯਮ;

(ਝ) "ਨਿਯਮ" ਦਾ ਮਤਲਬ ਹੈ ਇਸ ਐਕਟ ਅਧੀਨ ਸਰਕਾਰ ਦੁਆਰਾ ਬਣਾਇਆ ਗਿਆ ਨਿਯਮ;

(ਞ) "ਸਕੱਤਰ" ਦਾ ਮਤਲਬ ਹੈ ਬੋਰਡ ਦਾ ਸਕੱਤਰ;

(ਟ) "ਧਾਰਾ" ਦਾ ਮਤਲਬ ਹੈ ਇਸ ਐਕਟ ਦੀ ਧਾਰਾ;

(ਠ) "ਰਾਜ" ਦਾ ਮਤਲਬ ਹੈ ਪੰਜਾਬ ਰਾਜ;

(ਡ) "ਤਕਨੀਕੀ ਸਿੱਖਿਆ" ਦਾ ਮਤਲਬ ਹੈ ਇੰਜੀਨੀਅਰਿੰਗ, ਤਕਨਾਲੋਜੀ, ਉਸਾਰੀ ਕਲਾ, ਕਸਬਾ ਯੋਜਨਾਬੰਦੀ, ਪ੍ਰਬੰਧਨ, ਫਾਰਮੇਸੀ ਅਤੇ ਵਿਹਾਰਕ ਕਲਾ ਅਤੇ ਸ਼ਿਲਪ ਵਿੱਚ ਸਿੱਖਿਆ, ਖੋਜ ਅਤੇ ਸਿਖਲਾਈ ਦੇ ਪ੍ਰੋਗਰਾਮ ਅਤੇ ਅਜਿਹੇ ਹੋਰ ਪ੍ਰੋਗਰਾਮ ਜਾਂ ਖੇਤਰ, ਜਿਵੇਂ ਸਰਕਾਰ, ਸਮੇਂ ਸਮੇਂ ਤੇ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਐਲਾਨ ਕਰੇ; ਅਤੇ

(ਢ) "ਵਾਈਸ ਚੇਅਰਮੈਨ" ਦਾ ਮਤਲਬ ਹੈ ਬੋਰਡ ਦਾ ਵਾਈਸ-ਚੇਅਰਮੈਨ।

ਬੋਰਡ ਦੀ ਸਥਾਪਨਾ। 3. (1) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਅਜਿਹੀ ਤਰੀਕ ਤੋਂ ਅਤੇ ਅਜਿਹੇ ਸਾਧਨਾਂ ਅਧੀਨ ਜੋ ਅਧਿਸੂਚਨਾ ਵਿੱਚ ਉਲਿਖਤ ਕੀਤੇ ਜਾਣ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਦੀ ਸਥਾਪਨਾ ਕਰ ਸਕੇਗੀ।

(2) ਬੋਰਡ ਇੱਕ ਅਜਿਹੀ ਨਿਗਮਤ ਬੌਡੀ ਹੋਵੇਗਾ ਜਿਸ ਦਾ ਸਦੀਵੀ ਉਤਰਾਧਿਕਾਰ ਅਤੇ ਸਾਂਝੀ ਮੁਹਰ ਹੋਵੇਗੀ ਅਤੇ ਉਸ ਕੋਲ ਸੰਪੱਤੀ ਅਰਜਤ ਕਰਨ, ਧਾਰਨ ਕਰਨ ਅਤੇ ਨਿਪਟਾਰਾ ਕਰਨ ਅਤੇ ਮੁਆਇਦਾ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗਾ ਜਾਂ ਉਸ ਤੇ ਦਾਵਾ ਕੀਤਾ ਜਾ ਸਕੇਗਾ।

4. ਧਾਰਾ 3 ਅਧੀਨ ਬੋਰਡ ਦੀ ਸਥਾਪਨਾ ਤੇ,- ਬੋਰਡ ਦੀ ਸਥਾਪਨਾ ਦੇ ਸਿੱਟੇ।

(ੳ) ਪੰਜਾਬ ਰਾਜ ਤਕਨੀਕੀ ਸਿੱਖਿਆ ਬੋਰਡ (ਇਸ ਤੋਂ ਪਿੱਛੋਂ ਭੰਗ ਕੀਤੇ ਬੋਰਡ ਵਜੋਂ ਹਵਾਲਾ ਕੀਤਾ ਜਾਂਦਾ ਹੈ) ਜੋ ਇਸ ਐਕਟ ਦੇ ਅਰੰਭ ਹੋਣ ਤੋਂ ਜਾਂ ਉਸ ਤੋਂ ਪਹਿਲਾਂ ਮੌਜੂਦ ਹੈ, ਭੰਗ ਹੋ ਜਾਵੇਗਾ;

(ਅ) ਭੰਗ ਕੀਤੇ ਬੋਰਡ ਦੀ ਕੋਈ ਸੰਪੱਤੀ ਭਾਵੇਂ ਉਹ ਚੁੱਕਵੀਂ ਜਾਂ ਅਚੁੱਕਵੀਂ ਹੋਵੇ, ਬੋਰਡ ਵਿੱਚ ਨਿਹਿਤ ਹੋਵੇਗੀ;

(ੲ) ਭੰਗ ਕੀਤੇ ਬੋਰਡ ਦੇ ਸਾਰੇ ਅਧਿਕਾਰ ਅਤੇ ਦੇਣਦਾਰੀਆਂ ਬੋਰਡ ਦੇ ਅਧਿਕਾਰ ਅਤੇ ਦੇਣਦਾਰੀਆਂ ਸਮਝੀਆਂ ਜਾਣਗੀਆਂ;

(ਸ) ਬੋਰਡ ਦੀ ਸਥਾਪਨਾ ਦੀ ਤਰੀਕ ਤੋਂ ਤੁਰੰਤ ਪਹਿਲਾਂ ਭੰਗ ਕੀਤੇ ਬੋਰਡ ਵਿੱਚ ਨਿਯੋਜਤ ਸਾਰੇ ਵਿਅਕਤੀਆਂ ਨੂੰ ਬੋਰਡ ਦੁਆਰਾ ਨਿਯੋਜਤ ਕੀਤਾ ਸਮਝਿਆ ਜਾਵੇਗਾ ਅਤੇ ਉਹ ਬੋਰਡ ਦੇ ਅਧੀਨ ਉਨ੍ਹਾਂ ਨਿਬੰਧਨਾਂ ਅਤੇ ਸ਼ਰਤਾਂ ਤੇ ਅਹੁਦਾ ਧਾਰਨ ਕਰਨਗੇ ਜੋ ਭੰਗ ਕੀਤੇ ਬੋਰਡ ਦੇ ਅਧੀਨ ਉਨ੍ਹਾਂ ਤੇ ਲਾਗੂ ਸਨ; ਅਤੇ

(ਹ) ਬੋਰਡ ਦੀ ਸਥਾਪਨਾ ਦੀ ਤਰੀਕ ਤੋਂ ਤੁਰੰਤ ਪਹਿਲਾਂ ਭੰਗ ਕੀਤੇ ਬੋਰਡ ਨਾਲ ਸੰਬੱਧਤ ਹਰੇਕ ਸੰਸਥਾ, ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਬੋਰਡ ਨਾਲ ਸੰਬੱਧਤ ਸਮਝੀ ਜਾਵੇਗੀ।

ਬੋਰਡ ਦਾ ਗਠਨ। 5. (1) ਬੋਰਡ ਚੇਅਰਮੈਨ, ਵਾਈਸ-ਚੇਅਰਮੈਨ ਅਤੇ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗਾ, ਅਰਥਾਤ:-

**I** ਅਹੁਦੇ ਕਾਰਨ ਮੈਂਬਰ

(i) ਸਕੱਤਰ, ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ;

(ii) ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ;

(iii) ਸਕੱਤਰ, ਪੰਜਾਬ ਸਰਕਾਰ, ਯੋਜਨਾਬੰਦੀ ਵਿਭਾਗ;

(iv) ਸਰਬ-ਭਾਰਤੀ ਤਕਨੀਕੀ ਸਿੱਖਿਆ ਪਰਿਸ਼ਦ ਦਾ ਇੱਕ ਪ੍ਰਤੀਨਿਧੀ;

(v) ਭਾਰਤ ਸਰਕਾਰ ਦੇ ਮਨੁੱਖੀ ਵਸੀਲੇ ਵਿਕਾਸ ਮੰਤ੍ਰਾਲੇ ਵਿੱਚੋਂ ਇੱਕ ਪ੍ਰਤੀਨਿਧੀ, ਜੋ ਤਕਨੀਕੀ ਸਿੱਖਿਆ ਦੇ ਵਿਸ਼ੇ ਨਾਲ ਸੰਬੰਧ ਰੱਖਦਾ ਹੋਵੇ;

(vi) ਭਾਰਤ ਸਰਕਾਰ ਦੇ ਕਿਰਤ ਮੰਤ੍ਰਾਲੇ ਵਿੱਚੋਂ ਇੱਕ ਪ੍ਰਤੀਨਿਧੀ ਜੋ ਸ਼ਿਲਪਕਾਰ ਸਿਖਲਾਈ ਦੇ ਵਿਸ਼ੇ ਨਾਲ ਸਬੰਧ ਰੱਖਦਾ ਹੋਵੇ;

(vii) ਡਾਇਰੈਕਟਰ ਉਦਯੋਗ, ਪੰਜਾਬ;

(viii) ਪ੍ਰਿੰਸੀਪਲ, ਤਕਨੀਕੀ ਅਧਿਆਪਕ ਸਿਖਲਾਈ ਸੰਸਥਾ, ਚੰਡੀਗੜ੍ਹ; ਅਤੇ

(ix) ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ।

**II** ਨਾਮਜ਼ਦ ਮੈਂਬਰ

(ੳ) ਸਪੀਕਰ, ਪੰਜਾਬ ਵਿਧਾਨ ਸਭਾ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਪੰਜਾਬ ਵਿਧਾਨ ਸਭਾ ਦੇ ਦੋ ਮੈਂਬਰ;

(ਅ) ਸਰਕਾਰ ਹੇਠ-ਲਿਖੇ ਮੈਂਬਰਾਂ ਨੂੰ ਨਾਮਜ਼ਦ ਕਰੇਗੀ, ਅਰਥਾਤ:-

(i) ਲੋਕ ਨਿਰਮਾਣ ਵਿਭਾਗ, ਪੰਜਾਬ ਦਾ ਇੱਕ ਮੁੱਖ ਇੰਜੀਨੀਅਰ;

(ii) ਸੁਹਰਤ ਵਾਲੇ ਦੋ ਉਦਯੋਗਪਤੀ;

(iii) ਰਾਜ ਵਿੱਚ ਇੰਜੀਨੀਅਰਿੰਗ ਕਾਲਜਾਂ ਦੇ ਪ੍ਰਿੰਸੀਪਲਾਂ ਵਿੱਚੋਂ ਇੱਕ ਪ੍ਰਿੰਸੀਪਲ;

(iv) ਰਾਜ ਵਿੱਚ ਸਰਕਾਰੀ ਬਹੁ-ਤਕਨੀਕੀ ਦੇ ਪ੍ਰਿੰਸੀਪਲਾਂ ਵਿੱਚੋਂ ਇੱਕ ਪ੍ਰਿੰਸੀਪਲ;

(v) ਰਾਜ ਵਿੱਚ ਪ੍ਰਾਈਵੇਟ ਬਹੁ-ਤਕਨੀਕੀ ਦੇ ਪ੍ਰਿੰਸੀਪਲਾਂ ਵਿੱਚੋਂ ਇੱਕ ਪ੍ਰਿੰਸੀਪਲ;

(vi) ਰਾਜ ਵਿੱਚ ਉਦਯੋਗਿਕ ਸਿਖਲਾਈ ਸੰਸਥਾਵਾਂ (ਵਰਗ-I) ਦੇ ਪ੍ਰਿੰਸੀਪਲਾਂ ਵਿੱਚੋਂ ਇੱਕ ਪ੍ਰਿੰਸੀਪਲ;

(vii) ਰਾਜ ਵਿੱਚ ਯੂਨੀਵਰਸਿਟੀ ਦਾ ਇੱਕ ਵਾਈਸ-ਚਾਂਸਲਰ, ਜਾਂ ਉਸ ਦਾ ਪ੍ਰਤੀਨਿਧੀ ਜੋ ਪ੍ਰੋਫ਼ੈਸਰ ਦੇ ਰੈਂਕ ਤੋਂ ਥੱਲੇ ਦਾ ਨ ਹੋਵੇ;

(viii) ਦੋ ਉੱਘੇ ਸਿੱਖਿਆ ਸ਼ਾਸਤਰੀ ਜਾਂ ਟੈਕਨਾਲੋਜਿਸਟ ਜਾਂ ਵਿਗਿਆਨੀ ਜਿਨ੍ਹਾਂ ਵਿੱਚੋਂ ਇੱਕ ਰਾਜ ਵਿੱਚ ਪ੍ਰਾਈਵੇਟ ਬਹੁ-ਤਕਨੀਕੀ ਦੀ ਪ੍ਰਤੀਨਿਧਤਾ ਕਰੇਗਾ;

(ix) ਭਾਰਤੀ ਉਦਯੋਗ ਮਹਾਂਸੰਘ ਦਾ ਇੱਕ ਨਾਮਜ਼ਦ ਵਿਅਕਤੀ;

(x) ਪੰਜਾਬ, ਹਰਿਆਣਾ, ਦਿੱਲੀ ਦੇ ਵਣਜ ਅਤੇ ਉਦਯੋਗਾਂ ਦੇ ਚੈਂਬਰ ਦਾ ਇੱਕ ਨਾਮਜ਼ਦ ਵਿਅਕਤੀ;

(xi) ਸਾਫ਼ਟਵੇਅਰ ਅਤੇ ਸਰਵਿਸਜ਼ ਕੰਪਨੀਆਂ ਦੀ ਰਾਸ਼ਟਰੀ ਸਭਾ ਦਾ ਇੱਕ ਨਾਮਜ਼ਦ ਵਿਅਕਤੀ; ਅਤੇ

(xii) ਪੰਜਾਬ ਰਾਜ ਦੀਆਂ ਮੁੱਖ ਉਦਯੋਗਿਕ ਸਭਾਵਾਂ ਦੇ ਤਿੰਨ ਨਾਮਜ਼ਦ ਵਿਅਕਤੀ।

**III** ਕੋ-ਆਪਟ ਕੀਤੇ ਮੈਂਬਰ

ਬੋਰਡ ਅਜਿਹੇ ਵਿਅਕਤੀ ਨੂੰ ਆਪਣੇ ਮੈਂਬਰ ਦੇ ਤੌਰ ਤੇ ਕੋ-ਆਪਟ

ਕਰ ਸਕੇਗਾ ਜਿਸ ਕੋਲ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦਾ ਕਾਫ਼ੀ ਅਤੇ ਚੋਖਾ ਗਿਆਨ ਹੋਵੇ।

**IV** ਮੈਂਬਰ-ਸਕੱਤਰ

(1) ਬੋਰਡ ਦਾ ਸਕੱਤਰ ਇਸ ਦਾ ਮੈਂਬਰ-ਸਕੱਤਰ ਹੋਵੇਗਾ।

(2) ਉਪ-ਧਾਰਾ (i) ਦੀ ਸ੍ਰੇਣੀ ਦੀਆਂ ਮੱਦਾਂ (i), (ii) ਅਤੇ (iii) ਵਿੱਚ ਉਲਿਖਤ ਕੀਤੇ ਗਏ ਅਹੁਦੇ ਕਾਰਨ ਮੈਂਬਰ, ਬੋਰਡ ਦੀਆਂ ਇਕੱਤਰਤਾਵਾਂ ਵਿੱਚ ਖੁਦ ਹਾਜ਼ਰ ਹੋਣ ਦੀ ਬਜਾਏ, ਆਪਣੇ ਮਾਤਹਿਤ ਇੱਕ ਅਧਿਕਾਰੀ ਨੂੰ ਪ੍ਰਤਿਨਿਯੁਕਤ ਕਰ ਸਕਦੇ ਹਨ ਜੋ ਉਪ-ਸਕੱਤਰ ਦੇ ਰੈਂਕ ਤੋਂ ਥੱਲੇ ਦਾ ਨ ਹੋਵੇ ਅਤੇ ਇਸ ਤਰ੍ਹਾਂ ਪ੍ਰਤਿਨਿਯੁਕਤ ਕੀਤਾ ਗਿਆ ਅਧਿਕਾਰੀ ਉਸ ਵਿਸ਼ੇਸ਼ ਇਕੱਤਰਤਾ ਦੀ ਕਾਰਵਾਈ ਵਿੱਚ ਹਿੱਸਾ ਲੈਣ ਦਾ ਹੱਕਦਾਰ ਹੋਵੇਗਾ ਜਿਨ੍ਹਾਂ ਲਈ ਉਨ੍ਹਾਂ ਨੂੰ ਪ੍ਰਤਿਨਿਯੁਕਤ ਕੀਤਾ ਗਿਆ ਹੈ ਅਤੇ ਅਜਿਹੀ ਇਕੱਤਰਤਾ ਵਿੱਚ ਵੋਟ ਪਾਉਣ ਦਾ ਵੀ ਹੱਕਦਾਰ ਹੋਵੇਗਾ।

6. ਬੋਰਡ ਦਾ ਮੁੱਖ ਦਫ਼ਤਰ ਅਜਿਹੀ ਥਾਂ ਤੇ ਹੋਵੇਗਾ ਜੋ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਅਧਿਸੂਚਿਤ ਕੀਤੀ ਜਾਵੇ। ਬੋਰਡ ਦਾ ਮੁੱਖ ਦਫ਼ਤਰ।

ਮੈਂਬਰ ਦੇ ਅਹੁਦੇ ਦੀ ਅਉਧ।

7. (1) ਅਹੁਦੇ-ਕਾਰਨ ਮੈਂਬਰਾਂ ਤੋਂ ਬਿਨਾਂ ਮੈਂਬਰਾਂ ਦੇ ਅਹੁਦੇ ਦੀ ਅਉਧ ਤਿੰਨ ਸਾਲ ਹੋਵੇਗੀ।

(2) ਜੇ ਸਪੀਕਰ ਦੁਆਰਾ ਬੋਰਡ ਲਈ ਨਾਮਜ਼ਦ ਕੀਤਾ ਗਿਆ ਰਾਜ ਵਿਧਾਨ ਸਭਾ ਦਾ ਮੈਂਬਰ ਕਿਸੇ ਵੀ ਕਾਰਨ ਕਰਕੇ, ਵਿਧਾਨ ਸਭਾ ਦਾ ਮੈਂਬਰ ਨਹੀਂ ਰਹਿੰਦਾ ਹੈ, ਤਾਂ ਉਹ ਬੋਰਡ ਦਾ ਮੈਂਬਰ ਵੀ ਨਹੀਂ ਰਹੇਗਾ।

(3) ਇਸ ਧਾਰਾ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇੱਕ ਮੈਂਬਰ ਜਿਸ ਦੀ ਤਿੰਨ ਸਾਲਾਂ ਦੀ ਅਉਧ ਗੁਜ਼ਰ ਚੁੱਕੀ ਹੋਵੇ, ਜਦੋਂ ਤੱਕ ਸਰਕਾਰ ਹੋਰ ਤਰ੍ਹਾਂ ਨਿਰਦੇਸ਼ ਨ ਕਰੇ, ਆਪਣਾ ਅਹੁਦਾ ਧਾਰਨ ਕਰੀ ਰੱਖੇਗਾ ਜਦ ਤੱਕ ਉਸ ਦਾ ਉਤਰਾਧਿਕਾਰੀ ਨਾਮਜ਼ਦ ਨਹੀਂ ਹੋ ਜਾਂਦਾ।

ਮੈਂਬਰ ਦੁਆਰਾ ਅਸਤੀਫ਼ਾ।

8. (1) ਕੋ-ਆਪਟ ਕੀਤੇ ਅਤੇ ਅਹੁਦੇ ਕਾਰਨ ਮੈਂਬਰਾਂ ਤੋਂ ਬਿਨਾਂ, ਕੋਈ ਮੈਂਬਰ, ਕਿਸੇ ਵੀ ਸਮੇਂ ਸਰਕਾਰ ਨੂੰ ਲਿਖਤੀ ਰੂਪ ਵਿੱਚ ਅਸਤੀਫ਼ਾ ਪੇਸ਼ ਕਰਦੇ ਹੋਏ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਸਕਦਾ ਹੈ, ਅਤੇ ਇਹ ਸਮਝਿਆ ਜਾਵੇਗਾ ਕਿ ਉਸ ਨੇ ਸਰਕਾਰ ਦੁਆਰਾ ਅਸਤੀਫ਼ਾ ਸਵੀਕਾਰ ਕੀਤੇ ਜਾਣ ਤੇ ਆਪਣਾ ਅਹੁਦਾ ਖ਼ਾਲੀ ਕਰ ਦਿੱਤਾ ਹੈ।

(2) ਕੋ-ਆਪਟ ਕੀਤਾ ਮੈਂਬਰ ਕਿਸੇ ਵੀ ਸਮੇਂ ਬੋਰਡ ਨੂੰ ਲਿਖਤੀ ਰੂਪ ਵਿੱਚ ਅਸਤੀਫ਼ਾ ਪੇਸ਼ ਕਰਦੇ ਹੋਏ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਸਕਦਾ ਹੈ ਅਤੇ ਅਤੇ ਇਹ ਸਮਝਿਆ ਜਾਵੇਗਾ ਕਿ ਉਸ ਨੇ ਬੋਰਡ ਦੁਆਰਾ ਅਸਤੀਫ਼ਾ ਸਵੀਕਾਰ ਕੀਤੇ ਜਾਣ ਤੇ ਆਪਣਾ ਅਹੁਦਾ ਖ਼ਾਲੀ ਕਰ ਦਿੱਤਾ ਹੈ।

9. ਸਰਕਾਰ ਚੇਅਰਮੈਨ ਅਤੇ ਅਹੁਦੇ-ਕਾਰਨ ਮੈਂਬਰ ਤੋਂ ਬਿਨਾਂ ਕਿਸੇ ਮੈਂਬਰ ਦੇ ਮਾਮਲੇ ਵਿੱਚ ਅਤੇ ਬੋਰਡ ਕੋ-ਆਪਟ ਕੀਤੇ ਮੈਂਬਰ ਦੇ ਮਾਮਲੇ ਵਿੱਚ, ਲਿਖਤੀ ਤੌਰ ਤੇ ਹੁਕਮ ਦੁਆਰਾ, ਉਸ ਲਈ ਕਾਰਨਾਂ ਨੂੰ ਕਲਮਬੰਦ ਕਰਕੇ, ਕਿਸੇ ਮੈਂਬਰ ਨੂੰ ਇਸ ਆਧਾਰ ਤੇ ਅਹੁਦੇ ਤੋਂ ਹਟਾ ਸਕੇਗਾ ਕਿ ਉਸ ਨੇ- ਮੈਂਬਰ ਦਾ ਹਟਾਇਆ ਜਾਣਾ।

(i) ਆਪਣੀ ਹੈਸੀਅਤ ਦੀ ਦੁਰਵਰਤੋਂ ਕੀਤੀ ਹੈ; ਜਾਂ

(ii) ਉਸ ਨੂੰ ਸਦਾਚਾਰਕ ਗਿਰਾਵਟ ਵਾਲੇ ਅਪਰਾਧ ਲਈ ਕਾਨੂੰਨ ਦੀ ਅਦਾਲਤ ਦੁਆਰਾ ਸਿੱਧ-ਦੋਸ਼ ਠਹਿਰਾਇਆ ਗਿਆ ਹੈ ਜਾਂ ਹੋਰ ਤਰ੍ਹਾਂ ਸੁਦਾਈ ਜਾਂ ਵਿਗੜ-ਚਿੱਤ ਹੋ ਗਿਆ ਹੋਵੇ; ਜਾਂ

(iii) ਦੁਰਾਚਾਰ ਦਾ ਦੋਸ਼ੀ ਹੋਵੇ, ਜੋ ਸਰਕਾਰ ਜਾਂ ਬੋਰਡ ਦੀ ਰਾਏ ਵਿੱਚ, ਜਿਹੀ ਕਿ ਸੂਰਤ ਹੋਵੇ, ਉਸ ਨੂੰ ਮੈਂਬਰ ਵਜੋਂ ਬਣੇ ਰਹਿਣ ਲਈ ਅਯੋਗ ਬਣਾਉਂਦਾ ਹੈ; ਜਾਂ

(iv) ਬੋਰਡ ਦੀ ਇਜਾਜ਼ਤ ਤੋਂ ਬਿਨਾਂ ਬੋਰਡ ਦੀਆਂ ਲਗਾਤਾਰ ਤਿੰਨ ਇਕੱਤਰਤਾਵਾਂ ਵਿੱਚੋਂ ਗੈਰ-ਹਾਜ਼ਰ ਰਿਹਾ ਹੋਵੇ:

ਪਰੰਤੂ ਹੁਕਮ ਜਾਰੀ ਕਰਨ ਤੋਂ ਪਹਿਲਾਂ, ਸਰਕਾਰ ਜਾਂ ਬੋਰਡ, ਜਿਹੀ ਕਿ ਸੂਰਤ ਹੋਵੇ, ਅਜਿਹੇ ਮੈਂਬਰ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਵੇਗੀ।

10. ਕਿਸੇ ਮੈਂਬਰ ਦੀ ਮੌਤ, ਅਸਤੀਫ਼ੇ ਜਾਂ ਹਟਾਏ ਜਾਣ ਕਾਰਨ ਪੈਦਾ ਹੋਈ ਇਤਫ਼ਾਕੀਆ ਖਾਲੀ ਅਸਾਮੀ ਨਾਮਜ਼ਦਗੀ ਜਾਂ ਕੋ-ਆਪਸ਼ਨ, ਜਿਹੀ ਕਿ ਸੂਰਤ ਹੋਵੇ, ਦੁਆਰਾ ਭਰੀ ਜਾਵੇਗੀ ਅਤੇ ਅਜਿਹੀ ਖਾਲੀ ਅਸਾਮੀ ਨੂੰ ਭਰਨ ਲਈ ਇਸ ਤਰ੍ਹਾਂ ਇਤਫ਼ਾਕੀਆ ਖ਼ਾਲੀ ਥਾਂ।

ਨਾਮਜ਼ਦ ਜਾਂ ਕੋ-ਆਪਟ ਕੀਤਾ ਵਿਅਕਤੀ, ਬਾਕੀ ਰਹਿੰਦੀ ਅਉਧ ਲਈ ਅਹੁਦਾ ਧਾਰਨ ਕਰੇਗਾ।

ਮੈਂਬਰ ਦੀ ਮੁੜ-ਨਾਮਜ਼ਦਗੀ ਜਾਂ ਮੁੜ ਕੋ-ਆਪਸ਼ਨ।

11. ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਹਰੇਕ ਮੈਂਬਰ ਉਸ ਮੈਂਬਰ ਨੂੰ ਛੱਡ ਕੇ ਜਿਸ ਨੂੰ ਧਾਰਾ 9 ਅਧੀਨ ਹਟਾਇਆ ਗਿਆ ਹੈ, ਮੁੜ-ਨਾਮਜ਼ਦਗੀ ਜਾਂ ਮੁੜ ਕੋ-ਆਪਸ਼ਨ, ਜਿਹੀ ਕਿ ਸੂਰਤ ਹੋਵੇ, ਲਈ ਪਾਤਰ ਹੋਵੇਗਾ।

ਕੋਰਮ।

12. ਬੋਰਡ ਦੀ ਇਕੱਤਰਤਾ ਵਿੱਚ ਕੋਈ ਕਾਰੋਬਾਰ ਉਦੋਂ ਤੱਕ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕੁੱਲ ਮੈਂਬਰਾਂ ਦਾ ਘੱਟੋ-ਘੱਟ ਇੱਕ ਤਿਹਾਈ ਹਿੱਸਾ ਹਾਜ਼ਰ ਨ ਹੋਵੇ।

ਮੈਂਬਰਾਂ ਨੂੰ ਚਰਚਾ ਵਿੱਚ ਹਿੱਸਾ ਲੈਣ ਤੋਂ ਵਰਜਤ ਕਰਨਾ।

13. ਕੋਈ ਵੀ ਮੈਂਬਰ ਕਿਸੇ ਮਾਮਲੇ ਦੀ ਚਰਚਾ ਵਿੱਚ ਹਿੱਸਾ ਨਹੀਂ ਲਵੇਗਾ ਜਾਂ ਉਸ ਤੇ ਆਪਣੀ ਵੋਟ ਦੀ ਵਰਤੋਂ ਨਹੀਂ ਕਰੇਗਾ, ਜਿਸ ਵਿੱਚ ਉਸ ਦਾ ਕੋਈ ਨਿੱਜੀ ਜਾਂ ਮਾਇਕ ਹਿੱਤ ਹੋਵੇ।

ਬੋਰਡ ਦੀ ਇਕੱਤਰਤਾ।

14. (1) ਬੋਰਡ ਅਜਿਹੇ ਸਮੇਂ ਅਤੇ ਸਥਾਨ ਤੇ ਇਕੱਤਰਤਾ ਕਰੇਗਾ ਅਤੇ ਆਪਣੀ ਇਕੱਤਰਤਾ ਵਿੱਚ ਕਾਰਜ ਨੇਪਰੇ ਚਾੜ੍ਹਨ ਵਿੱਚ ਅਜਿਹੇ ਜ਼ਾਬਤੇ ਦੀ ਪਾਲਣਾ ਕਰੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(2) ਚੇਅਰਮੈਨ, ਅਤੇ ਉਸ ਦੀ ਗੈਰ-ਹਾਜ਼ਰੀ ਵਿੱਚ, ਵਾਈਸ-ਚੇਅਰਮੈਨ, ਅਤੇ ਉਸ ਦੀ ਗੈਰ-ਹਾਜ਼ਰੀ ਵਿੱਚ, ਸਕੱਤਰ, ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਬੋਰਡ ਦੀ ਇਕੱਤਰਤਾ ਦੀ ਪ੍ਰਧਾਨਗੀ ਕਰੇਗਾ। ਦੋਵਾਂ ਦੀ ਗੈਰ-ਹਾਜ਼ਰੀ ਦੀ ਸੂਰਤ ਵਿੱਚ, ਇਕੱਤਰਤਾ ਵਿੱਚ ਹਾਜ਼ਰ ਮੈਂਬਰਾਂ ਦੁਆਰਾ ਚੁਣਿਆ ਗਿਆ ਕੋਈ ਮੈਂਬਰ ਇਕੱਤਰਤਾ ਦੀ ਪ੍ਰਧਾਨਗੀ ਕਰੇਗਾ।

(3) ਇਕੱਤਰਤਾ ਵਿੱਚ ਸਾਰੇ ਮਾਮਲੇ ਹਾਜ਼ਰ ਮੈਂਬਰਾਂ ਦੀਆਂ ਵੋਟਾਂ ਦੀ ਬਹੁ-ਸੰਮਤੀ ਨਾਲ ਤੈਅ ਕੀਤੇ ਜਾਣਗੇ ਅਤੇ ਵੋਟਾਂ ਬਰਾਬਰ ਹੋਣ ਦੀ ਸੂਰਤ ਵਿੱਚ, ਇਕੱਤਰਤਾ ਦੀ ਪ੍ਰਧਾਨਗੀ ਕਰਨ ਵਾਲੇ ਵਿਅਕਤੀ ਕੋਲ ਨਿਰਣਾਇਕ ਵੋਟ ਹੋਵੇਗੀ।

(4) ਬੋਰਡ ਸਾਧਾਰਨ ਤੌਰ ਤੇ ਇੱਕ ਤਿਮਾਹੀ ਵਿੱਚ ਇੱਕ ਵਾਰ ਇਕੱਤਰਤਾ ਕਰੇਗਾ, ਪਰ ਇੱਕ ਸਾਲ ਵਿੱਚ ਘੱਟੋ-ਘੱਟ ਦੋ ਇਕੱਤਰਤਾਵਾਂ ਕਰੇਗਾ।

(5) ਬੋਰਡ, ਉਪ-ਧਾਰਾ (4) ਵਿੱਚ ਹਵਾਲਾ ਦਿੱਤੀਆਂ ਇਕੱਤਰਤਾਵਾਂ ਤੋਂ ਇਲਾਵਾ, ਅਗਲੇ ਸਾਲ ਦੀ 30 ਸਤੰਬਰ ਨੂੰ ਜਾਂ ਉਸ ਤੋਂ ਪਹਿਲਾਂ ਆਪਣੀ ਸਲਾਨਾ ਰਿਪੋਟ, ਆਡਿਟ ਕੀਤੇ ਗਏ ਸਲਾਨਾ ਲੇਖੇ ਅਤੇ ਸੰਤੁਲਤ ਪੱਤਰ ਤੇ ਵਿਚਾਰ ਕਰਨ ਲਈ ਸਲਾਨਾ ਇਕੱਤਰਤਾ ਵਜੋਂ ਜਾਣੀ ਜਾਣ ਵਾਲੀ ਇਕੱਤਰਤਾ ਕਰੇਗਾ।

ਫ਼ੈਸਲਿਆਂ ਅਤੇ ਹੋਰ ਲਿਖਤਾਂ ਦੀ ਪ੍ਰਮਾਣਿਕਤਾ।

15. (1) ਬੋਰਡ ਦਾ ਹਰੇਕ ਫ਼ੈਸਲਾ ਇੱਕ ਮਤਾ ਪਾਸ ਕਰਕੇ ਲਿਆ ਜਾਵੇਗਾ ਅਤੇ ਇਹ ਚੇਅਰਮੈਨ ਜਾਂ ਉਸ ਦੀ ਗੈਰ-ਹਾਜ਼ਰੀ ਵਿੱਚ ਉਪ-ਚੇਅਰਮੈਨ ਦੁਆਰਾ ਜਾਂ ਉਸ ਦੀ ਗੈਰ-ਹਾਜ਼ਰੀ ਕਿਸੇ ਹੋਰ ਮੈਂਬਰ ਦੇ ਦਸਖਤਾਂ ਦੁਆਰਾ ਪ੍ਰਮਾਣਿਕ ਕੀਤਾ ਜਾਵੇਗਾ ਜਿਵੇਂ ਇਸ ਨਮਿੱਤ ਬੋਰਡ ਦੁਆਰਾ ਅਧਿਕਾਰਤ ਕੀਤਾ ਜਾਵੇ।

(2) ਬੋਰਡ ਦੇ ਨਮਿੱਤ ਹਰੇਕ ਲਿਖਤ ਸਕੱਤਰ ਦੇ ਦਸਖ਼ਤਾਂ ਦੁਆਰਾ ਪ੍ਰਮਾਣਿਕ ਕੀਤੀ ਜਾਵੇਗੀ:

ਪਰੰਤੂ ਸਕੱਤਰ ਦੀ ਗੈਰ-ਹਾਜ਼ਰੀ ਵਿੱਚ, ਜਾਂ ਜਦ ਮਾਮਲੇ ਦੇ ਹਾਲਾਤਾਂ ਅਨੁਸਾਰ ਇਹ ਜ਼ਰੂਰੀ ਸਮਝਿਆ ਜਾਵੇ, ਬੋਰਡ, ਲਿਖਤੀ ਹੁਕਮ ਦੁਆਰਾ ਅਤੇ ਉਸ ਦੇ ਕਾਰਨ ਕਲਮਬੰਦ ਕਰਕੇ, ਬੋਰਡ ਦੇ ਕਿਸੇ ਮੈਂਬਰ ਜਾਂ ਅਧਿਕਾਰੀ ਨੂੰ ਕਿਸੇ ਲਿਖਤ ਨੂੰ ਪ੍ਰਮਾਣਿਕ ਕਰਨ ਲਈ ਅਧਿਕਾਰਤ ਕਰ ਸਕੇਗਾ।

ਬੋਰਡ ਦੇ ਕਾਰਜ ਜਾਂ ਕਾਰਵਾਈਆਂ ਦਾ ਖਾਲੀ ਥਾਵਾਂ ਕਾਰਨ ਨਾਜਾਇਜ਼ ਨ ਹੋਣਾ।

16. ਬੋਰਡ ਦਾ ਕੋਈ ਕਾਰਜ ਜਾਂ ਕਾਰਵਾਈ ਸਿਰਫ਼ ਇਸ ਕਾਰਨ ਕਰਕੇ ਨਾਜਾਇਜ਼ ਨਹੀਂ ਹੋਵੇਗੀ ਕਿ-

(ੳ) ਇਸ ਦੇ ਗਠਨ ਵਿੱਚ ਕੋਈ ਖਾਲੀ ਥਾਂ ਜਾਂ ਤਰੁੱਟੀ ਸੀ; ਜਾਂ

(ਅ) ਮੈਂਬਰ ਦੀ ਨਾਮਜ਼ਦਗੀ ਜਾਂ ਕੋ-ਆਪਸ਼ਨ ਵਿੱਚ ਕੋਈ ਬੇਕਾਇਦਗੀ ਸੀ; ਜਾਂ

(ੲ) ਕੋਈ ਜ਼ਾਬਤਾ ਬੇਕਾਇਦਗੀ ਸੀ ਜੋ ਮਾਮਲੇ ਦੇ ਗੁਣਾਂ ਤੇ ਪ੍ਰਭਾਵ ਨਹੀਂ ਪਾਉਂਦੀ।

ਬੋਰਡ ਦੇ ਕਾਜਕਾਰ ਅਤੇ ਕਰਤੱਵ।

17. ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਬੋਰਡ ਦੇ ਹੇਠ-ਲਿਖੇ ਕਾਜਕਾਰ ਅਤੇ ਕਰਤੱਵ ਹੋਣਗੇ,-

(i) ਇੱਕ ਸੰਸਥਾ ਨੂੰ ਸੰਬੱਧ ਕਰਨਾ ਭਾਵੇਂ ਉਹ ਰਾਜ ਦੇ ਅੰਦਰ ਸਥਿਤ ਹੋਵੇ ਜਾਂ ਬਾਹਰ;

(ii) ਸੰਬੱਧੀਕਰਨ ਦੀ ਚਾਹਵਾਨ ਸੰਸਥਾ ਦਾ ਨਿਰੀਖਣ ਕਰਨਾ ਜਾਂ ਨਿਰੀਖਣ ਕਰਵਾਉਣਾ;

(iii) ਇਸ ਦੁਆਰਾ ਕਰਵਾਈ ਜਾਣ ਵਾਲੀ ਪ੍ਰੀਖਿਆ ਤੱਕ ਲੈ ਕੇ ਜਾਣ ਵਾਲੇ ਅਧਿਐਨ ਅਤੇ ਸਿੱਖਿਆ-ਦੀਖਿਆ ਦੇ ਕੋਰਸ ਉਲਿਖਤ ਕਰਨਾ;

(iv) ਸੰਬੱਧਤ ਸੰਸਥਾਵਾਂ ਲਈ ਇਮਾਰਤਾਂ ਅਤੇ ਸਾਜ਼ੋ-ਸਮਾਨ ਲਈ ਮਿਆਰ ਨਿਯਤ ਕਰਨੇ;

(v) ਸੰਬੱਧਤ ਸੰਸਥਾਵਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਲਈ ਵਿੱਦਿਅਕ ਯੋਗਤਾਵਾਂ ਸਮੇਤ ਸ਼ਰਤਾਂ ਉਲਿਖਤ ਕਰਨਾ;

(vi) ਇਸ ਦੁਆਰਾ ਕਰਵਾਈ ਜਾਣ ਵਾਲੀ ਪ੍ਰੀਖਿਆ ਦੇ ਦਾਖਲੇ ਲਈ ਪ੍ਰੀਖਿਆ ਫ਼ੀਸ ਸਮੇਤ ਸ਼ਰਤਾਂ ਉਲਿਖਤ ਕਰਨਾ;

(vii) ਸੰਬੱਧਤ ਸੰਸਥਾਵਾਂ ਨਾਲ ਸਬੰਧਤ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨ ਲਈ ਅਤੇ ਡਿਪਲੋਮੇ ਅਤੇ ਸਰਟੀਫਿਕੇਟਾਂ ਲਈ ਸਲਾਨਾ ਅਤੇ ਸਮੈਸਟਰ ਪ੍ਰੀਖਿਆਵਾਂ ਕਰਵਾਉਣਾ;

(viii) ਆਪਣੇ ਦੁਆਰਾ ਕਰਵਾਈਆਂ ਗਈਆਂ ਪ੍ਰੀਖਿਆਵਾਂ ਦੇ ਨਤੀਜੇ ਪ੍ਰਕਾਸ਼ਤ ਕਰਨਾ;

(ix) ਕਿਸੇ ਵੀ ਸੰਬੱਧਤ ਸੰਸਥਾ ਵਿੱਚ ਸਿੱਖਿਆ ਦੇ ਕੋਰਸਾਂ ਨੂੰ ਤਸੱਲੀਬਖ਼ਸ ਰੂਪ ਵਿੱਚ ਪੂਰਾ ਕਰਨ ਵਾਲੇ ਅਤੇ ਇਸ ਪ੍ਰਯੋਜਨ ਲਈ ਕਰਵਾਈ ਗਈ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ, ਜਿਹੀ ਕਿ ਸੂਰਤ ਹੋਵੇ, ਪ੍ਰਮਾਣ-ਪੱਤਰ ਜਾਂ ਡਿਪਲੋਮਾ ਜਾਰੀ ਕਰਨਾ;

(x) ਕਿਸੇ ਸੰਬੱਧਤ ਸੰਸਥਾ ਜਾਂ ਹੋਰ ਅਥਾਰਟੀ ਨੂੰ ਕਿਸੇ ਉਲਿਖਤ ਕੋਰਸ ਦੇ ਬਾਰੇ ਵਿੱਚ ਪ੍ਰੀਖਿਆਵਾਂ ਕਰਵਾਉਣ ਲਈ ਅਧਿਕਾਰਤ ਕਰਨਾ ਅਤੇ ਅਜਿਹੀ ਪ੍ਰੀਖਿਆ ਕਰਵਾਉਣ ਦੇ ਤਰੀਕੇ ਅਤੇ ਅਜਿਹੀ ਸੰਸਥਾ ਦੁਆਰਾ ਕਾਇਮ ਰੱਖੇ ਜਾਣ ਵਾਲੇ ਮਿਆਰ ਨੂੰ ਉਲਿਖਤ ਕਰਨਾ;

(xi) ਸੰਬੱਧਤ ਸੰਸਥਾਵਾਂ ਦੇ ਅਮਲੇ ਦੇ ਮੈਂਬਰਾਂ ਲਈ ਵਿਦਿਅਕ ਯੋਗਤਾਵਾਂ ਅਤੇ ਹੋਰ ਮਿਆਰ ਉਲਿਖਤ ਕਰਨਾ;

(xii) ਤਕਨੀਕੀ ਸਿੱਖਿਆ ਦੇ ਮਿਆਰਾਂ ਦਾ ਤਾਲਮੇਲ ਕਰਨਾ ਅਤੇ ਉਨ੍ਹਾਂ ਨੂੰ ਕਾਇਮ ਰੱਖਣਾ ਅਤੇ ਉਲਿਖਤ ਲੀਹਾਂ ਤੇ ਅਜਿਹੀ ਸਿੱਖਿਆ ਦੇ

ਪੁਨਰ-ਅਨੁਕੂਲਣ ਪ੍ਰਭਾਵੀ ਕਰਨਾ ਤਾਂ ਜੋ ਵਣਜ ਅਤੇ ਉਦਯੋਗ ਦੀਆਂ ਜ਼ਰੂਰਤਾਂ ਨੂੰ ਪੂਰਾ ਕੀਤਾ ਜਾ ਸਕੇ ਅਤੇ ਸੰਸਥਾਵਾਂ ਅਤੇ ਉਦਯੋਗਿਕ ਅਤੇ ਵਣਜਕ ਸਥਾਪਨਾਵਾਂ ਵਿਚਕਾਰ ਸਹਿਯੋਗ ਨੂੰ ਉਤਸ਼ਾਹਿਤ ਕੀਤਾ ਜਾ ਸਕੇ;

(xiii) ਸਰਬ-ਭਾਰਤੀ ਤਕਨੀਕੀ ਸਿੱਖਿਆ ਪਰਿਸ਼ਦ ਅਤੇ ਇਸ ਦੀਆਂ ਖੇਤਰੀ ਕਮੇਟੀਆਂ ਅਤੇ ਹੋਰ ਬੌਡੀਆਂ ਨਾਲ ਅਜਿਹੇ ਤਰੀਕੇ ਨਾਲ ਅਤੇ ਅਜਿਹੇ ਪ੍ਰਯੋਜਨਾਂ ਲਈ ਸਹਿਯੋਗ ਕਰਨਾ, ਜੋ ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਜ਼ਰੂਰੀ ਹੋਵੇ;

(xiv) ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਨਾਲ ਸਬੰਧਤ ਸਾਰੇ ਮਾਮਲਿਆਂ ਤੇ ਸਰਕਾਰ ਨੂੰ ਸਲਾਹ ਦੇਣਾ;

(xv) ਅਜਿਹੇ ਸਾਰੇ ਕੰਮ ਅਤੇ ਕਾਰਜ ਕਰਨੇ ਜੋ ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਦੇ ਅਧੀਨ ਕਾਜਕਾਰਾਂ ਨੂੰ ਉਚਿਤ ਤੌਰ ਤੇ ਨਿਭਾਉਣ ਲਈ ਜ਼ਰੂਰੀ ਹੋਣ; ਅਤੇ

(xvi) ਅਜਿਹੇ ਕਰਤੱਵਾਂ ਦੀ ਪਾਲਣਾ ਕਰਨਾ ਜੋ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਦੇ ਅਧੀਨ ਇਸ ਤੇ ਅਰੋਪੇ ਜਾਣ।

ਬੋਰਡ ਦੀਆਂ ਸ਼ਕਤੀਆਂ।

18. (1) ਬੋਰਡ ਕੋਲ ਇਸ ਐਕਟ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੇ ਤਾਬੇ, ਅਜਿਹੀਆਂ ਸਾਰੀਆਂ ਸ਼ਕਤੀਆ ਹੋਣਗੀਆਂ ਜੋ ਇਸ ਐਕਟ ਜਾਂ

ਇਸ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਅਧੀਨ ਆਪਣੇ ਕਾਜਕਾਰਾਂ ਨੂੰ ਨਿਭਾਉਣ ਅਤੇ ਕਰਤੱਵਾਂ ਦੀ ਪਾਲਣਾ ਕਰਨ ਲਈ ਜ਼ਰੂਰੀ ਹੋਣ।

(2) ਉਪ-ਧਾਰਾ (1) ਦੇ ਉਪਬੰਧਾਂ ਦੇ ਤਾਬੇ, ਬੋਰਡ ਕੋਲ-

(i) ਕਿਸੇ ਉਮੀਦਵਾਰ ਦੀ ਪ੍ਰੀਖਿਆ ਰੱਦ ਕਰਨ ਜਾਂ ਪ੍ਰੀਖਿਆ ਦਾ ਨਤੀਜਾ ਰੋਕ ਕੇ ਰੱਖਣ ਜਾਂ ਉਸ ਨੂੰ ਪ੍ਰੀਖਿਆ ਵਿੱਚ ਬੈਠਣ ਤੋਂ ਨਾ-ਮਨਜ਼ੂਰ ਕਰਨ ਜੋ-

(ੳ) ਪ੍ਰੀਖਿਆ ਵਿੱਚ ਅਣਉਚਿਤ ਸਾਧਨਾਂ ਦੀ ਵਰਤੋਂ ਕਰਨ ਲਈ; ਜਾਂ

(ਅ) ਸੰਸਥਾ ਜਾਂ ਪ੍ਰੀਖਿਆ ਵਿੱਚ ਦਾਖਲੇ ਲਈ ਦਰਖ਼ਾਸਤ ਫਾਰਮ ਵਿੱਚ ਕੋਈ ਗਲਤ ਬਿਆਨ ਦੇਣ ਜਾਂ ਅਹਿਮ ਜਾਣਕਾਰੀ ਜਾਂ ਤੱਥ ਨੂੰ ਛੁਪਾਉਣ ਲਈ; ਜਾਂ

(ੲ) ਪ੍ਰੀਖਿਆ ਵਿੱਚ ਧੋਖਾਧੜੀ ਜਾਂ ਪਰਿਰੂਪਣ ਲਈ; ਜਾਂ

(ਸ) ਅਜਿਹੀ ਪ੍ਰੀਖਿਆ ਵਿੱਚ ਦਾਖਲਿਆਂ ਨੂੰ ਸ਼ਾਸਤ ਕਰਨ ਵਾਲੇ ਨਿਯਮਾਂ ਜਾਂ ਵਿਨਿਯਮਾਂ ਦੀ ਉਲੰਘਣਾ ਕਰਕੇ ਪ੍ਰੀਖਿਆ ਵਿੱਚ ਦਾਖਲਾ ਪ੍ਰਾਪਤ ਕਰਨ ਲਈ; ਜਾਂ

(ਹ) ਪ੍ਰੀਖਿਆ ਵਿੱਚ ਘੋਰ ਅਨੁਸ਼ਾਸਨਹੀਣਤਾ ਦਾ ਕੋਈ ਕੰਮ ਕਰਨ ਲਈ;

ਦੋਸ਼ੀ ਪਾਇਆ ਜਾਂਦਾ ਹੈ:

ਪਰੰਤੂ ਜਿਸ ਉਮੀਦਵਾਰ ਵਿਰੁੱਧ ਇਸ ਧਾਰਾ ਅਧੀਨ ਕਾਰਵਾਈ ਕਰਨ ਦੀ ਤਜਵੀਜ਼ ਹੈ, ਉਸ ਨੂੰ ਇਸ ਨਮਿੱਤ ਅੰਤਿਮ ਹੁਕਮ ਪਾਸ ਕਰਨ ਤੋਂ ਪਹਿਲਾਂ ਸੁਣਵਾਈ ਦਾ ਵਾਜਬ ਮੌਕਾ ਦਿੱਤਾ ਜਾਵੇਗਾ;

(ii) ਇਸ ਦੁਆਰਾ ਕਿਸੇ ਵੀ ਪ੍ਰੀਖਿਆ ਦੌਰਾਨ ਅਨੁਸ਼ਾਸਨਹੀਣਤਾ ਦੇ ਕਾਰਜ ਦਾ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਉਮੀਦਵਾਰ ਦੇ ਪ੍ਰੀਖਿਆ ਦੇ ਅੰਕ ਕੱਟਣਾ;

(iii) ਪ੍ਰੀਖਿਆ ਦੇ ਨਤੀਜੇ ਦੀ ਘੋਸ਼ਣਾ ਵਿੱਚ ਬੋਰਡ ਦੀ ਕਿਸੇ ਸਦਭਾਵਨਾ ਗਲਤੀ ਲਈ ਪ੍ਰੀਖਿਆ ਦਾ ਨਤੀਜਾ ਰੱਦ ਕਰਨ:

ਪਰੰਤੂ ਬੋਰਡ ਦੀ ਸਦਭਾਵਨਾ ਪੂਰਬਕ ਗਲਤੀ ਦੇ ਆਧਾਰ ਤੇ ਪ੍ਰੀਖਿਆ ਦਾ ਨਤੀਜਾ ਪ੍ਰੀਖਿਆ ਦੇ ਨਤੀਜੇ ਦੀ ਘੋਸ਼ਣਾ ਦੀ ਤਰੀਕ ਤੋਂ ਨੱਬੇ ਦਿਨਾਂ ਦੀ ਮੁੱਦਤ ਗੁਜ਼ਰਨ ਪਿੱਛੋਂ ਰੱਦ ਨਹੀਂ ਕੀਤਾ ਜਾਵੇਗਾ;

(iv) ਉਸ ਦੁਆਰਾ ਕਰਵਾਈਆਂ ਜਾਣ ਵਾਲੀਆਂ ਪ੍ਰੀਖਿਆਵਾਂ ਲਈ ਫ਼ੀਸ ਉਲਿਖਤ ਕਰਨ ਅਤੇ ਉਨ੍ਹਾਂ ਦੀ ਵਸੂਲੀ ਦੇ ਢੰਗ ਲਈ ਉਪਬੰਧ ਕਰਨ;

(v) ਇੱਕ ਸੰਸਥਾ ਨੂੰ ਸੰਬੱਧ ਕਰਨ ਤੋਂ ਇਨਕਾਰ ਕਰਨ, ਜੋ,–

(ੳ) ਅਮਲੇ, ਸਿੱਖਿਆ–ਦੀਖਿਆ, ਸਾਜ਼–ਸਮਾਨ ਅਤੇ ਇਮਾਰਤਾਂ ਲਈ ਬੋਰਡ ਦੁਆਰਾ ਅਧਿ–ਕਥਿਤ ਮਿਆਰਾਂ ਨੂੰ ਪੂਰਾ ਨਹੀਂ ਕਰਦਾ ਜਾਂ ਪੂਰਾ ਕਰਨ ਵਿੱਚ ਅਸਮਰੱਥ ਹੈ; ਜਾਂ

(ਅ) ਬੋਰਡ ਦੁਆਰਾ ਅਧਿ-ਕਥਿਤ ਸੰਬੱਧੀਕਰਨ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ:

ਪਰੰਤੂ ਕਿਸੇ ਸੰਸਥਾ ਨੂੰ ਸੰਬੱਧਤਾ ਦੇਣ ਤੋਂ ਉਦੋਂ ਤੱਕ ਇਨਕਾਰ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਸ ਨੂੰ ਸੁਣਵਾਈ ਦਾ ਵਾਜਬ ਮੌਕਾ ਨਹੀਂ ਦਿੱਤਾ ਜਾਂਦਾ ਅਤੇ ਲਿਖਤੀ ਰੂਪ ਵਿੱਚ ਇਸ ਦੇ ਕਾਰਨ-ਕਲਮਬੰਦ ਕਰਕੇ ਕੋਈ ਹੁਕਮ ਪਾਸ ਨਹੀਂ ਕੀਤਾ ਜਾਂਦਾ;

(vi) ਇੱਕ ਸੰਸਥਾ ਦੀ ਸੰਬੱਧਤਾ ਵਾਪਸ ਲੈਣ ਜੋ ਅਮਲੇ, ਸਿੱਖਿਆ-ਦੀਖਿਆ, ਸਾਜ਼-ਸਮਾਨ ਜਾਂ ਇਮਾਰਤ ਲਈ ਬੋਰਡ ਦੁਆਰਾ ਅਧਿ-ਕਥਿਤ ਮਿਆਰਾਂ ਦੀ ਪਾਲਣਾ ਕਰਨ ਜਾਂ ਉਨ੍ਹਾਂ ਦੀ ਵਿਵਸਥਾ ਕਰਨ ਵਿੱਚ ਅਸਮਰੱਥ ਹੈ ਜਾਂ ਬੋਰਡ ਦੀ ਤਸੱਲੀ ਮੁਤਾਬਿਕ ਸੰਬੱਧਤਾ ਦੀਆਂ ਸ਼ਰਤਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿੰਦੀ ਹੈ:

ਪਰੰਤੂ ਕਿਸੇ ਸੰਸਥਾ ਦੀ ਸੰਬੱਧਤਾ ਉਦੋਂ ਤੱਕ ਵਾਪਸ ਨਹੀਂ ਲਈ ਜਾਵੇਗੀ ਜਦੋਂ ਤੱਕ ਉਸ ਨੂੰ ਸੁਣਵਾਈ ਦਾ ਮੌਕਾ ਨਹੀਂ ਦਿੱਤਾ ਜਾਂਦਾ ਅਤੇ ਲਿਖਤੀ ਰੂਪ ਵਿੱਚ ਇਸ ਦੇ ਕਾਰਨ ਕਲਮਬੰਦ ਕਰਕੇ ਕੋਈ ਹੁਕਮ ਪਾਸ ਨਹੀਂ ਕੀਤਾ ਜਾਂਦਾ;

(vii) ਕੋਰਸਾਂ, ਪਾਠਕ੍ਰਮ ਭੌਤਿਕ ਅਤੇ ਸਿੱਖਿਅਕ ਸਹੂਲਤਾਂ, ਅਮਲੇ, ਸਾਜ਼-ਸਮਾਨ, ਦਾਖ਼ਲਿਆਂ, ਮੁੱਲ-ਅੰਕਣ ਅਤੇ ਪ੍ਰੀਖਿਆਵਾਂ ਲਈ ਮਾਪ ਅਤੇ ਮਿਆਰ ਨਿਯਤ ਕਰਨ;

(viii) ਸੰਬੱਧਤ ਸੰਸਥਾਵਾਂ ਦੇ ਮੁੱਖੀਆਂ ਤੋਂ ਬੋਰਡ ਦੇ ਨਿਯਮਾਂ, ਵਿਨਿਯਮਾਂ, ਫ਼ੈਸਲਿਆਂ, ਹਦਾਇਤਾਂ ਜਾਂ ਨਿਰਦੇਸ਼ਾਂ ਦੀ ਉਲੰਘਣਾ ਵਿੱਚ ਕੀਤੇ ਗਏ ਕਿਸੇ ਕਾਰਜ ਦੇ ਬਾਰੇ ਵਿੱਚ ਰਿਪੋਰਟਾਂ ਮੰਗਣ, ਜਿਵੇਂ ਉਲਿਖਤ ਕੀਤਾ ਜਾਵੇ;

(ix) ਉਲਿਖਤ ਅਧਿਐਨ ਕੋਰਸਾਂ ਦੀ ਉਚਿਤ ਪਾਲਣਾ ਨੂੰ ਯਕੀਨੀ ਬਣਾਉਣ ਲਈ ਕਿਸੇ ਸੰਬੱਧਤ ਸੰਸਥਾ ਦੀ ਜਾਂਚ ਕਰਨ ਜਾਂ ਕਰਵਾਉਣ ਅਤੇ ਇਹ ਯਕੀਨੀ ਬਣਾਉਣ ਲਈ ਕਿ ਸਿੱਖਿਆ-ਦੀਖਿਆ ਲਈ ਸਹੂਲਤਾਂ ਸਹੀ ਢੰਗ ਨਾਲ ਪ੍ਰਦਾਨ ਕੀਤੀਆਂ ਗਈਆਂ ਹਨ ਅਤੇ ਉਨ੍ਹਾਂ ਦਾ ਲਾਭ ਉਠਾਇਆ ਗਿਆ ਹੈ;

(x) ਫੈਲੋਸ਼ਿਪਾਂ ਅਤੇ ਵਜ਼ੀਫ਼ੇ ਸੰਸਥਿਤ ਕਰਨ ਅਤੇ ਦੇਣ ਅਤੇ ਇਨਾਮ ਅਤੇ ਉਪਾਧੀਆਂ ਦੇ ਪ੍ਰਮਾਣ-ਪੱਤਰ ਦੇਣ;

(xi) ਆਪਣੇ ਕਰਤੱਵਾਂ ਅਤੇ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਈ ਲੋੜੀਂਦੀਆਂ ਤਕਨੀਕੀ, ਪੇਸ਼ੇਵਰ, ਪ੍ਰਸ਼ਾਸਨਿਕ, ਮਨਿਸਟੀਰੀਅਲ ਅਤੇ ਹੋਰ ਆਸਾਮੀਆਂ ਸਿਰਜਣ ਅਤੇ ਅਜਿਹੀਆਂ ਅਸਾਮੀਆਂ ਤੇ ਵਿਅਕਤੀਆਂ ਦੀ ਨਿਯੁਕਤੀ ਕਰਨ;

(xii) ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਸਰਕਾਰ ਦੀ ਪੂਰਵ-ਪ੍ਰਵਾਨਗੀ ਨਾਲ ਧਨ ਉਧਾਰ ਲੈਣ;

(xiii) ਨਵੇਂ ਕੋਰਸ ਸੁਰੂ ਕਰਨ ਅਤੇ ਉਨ੍ਹਾਂ ਨਾਲ ਤੱਲਕ ਰੱਖਦੇ ਉਚਿਤ ਪਾਠਕ੍ਰਮ ਦੇ ਵਿਕਾਸ ਲਈ ਸਰਕਾਰ ਨੂੰ ਸਿਫ਼ਾਰਸ਼ ਕਰਨ;

(xiv) ਤਕਨੀਕੀ ਸਿੱਖਿਆ ਦੀਆਂ ਸੰਸਥਾਵਾਂ ਨੂੰ ਅਕਾਦਮਿਕ ਖੁਦਮੁਖਤਿਆਰੀ ਦੇਣ ਲਈ ਸੇਧਾਂ ਪ੍ਰਦਾਨ ਕਰਨ ਅਤੇ ਅਜਿਹੀਆਂ ਸੰਸਥਾਵਾਂ ਨੂੰ ਅਕਾਦਮਿਕ ਖੁਦਮੁਖਤਿਆਰੀ ਦੇਣਾ, ਜਿਵੇਂ ਇਹ ਜ਼ਰੂਰੀ ਸਮਝੇ;

(xv) ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਵਣਜੀਕਰਣ ਨੂੰ ਰੋਕਣ ਲਈ ਟਿਊਸ਼ਨ ਅਤੇ ਹੋਰ ਫ਼ੀਸਾਂ ਚਾਰਜ ਕਰਨ ਲਈ ਮਾਪ ਅਤੇ ਸੇਧਾਂ ਉਲਿਖਤ ਕਰਨ;

(xvi) ਇਸ ਐਕਟ ਦੇ ਅਧੀਨ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਨ ਜਾਂ ਆਪਣੇ ਕਰਤੱਵਾਂ ਅਤੇ ਕਾਜਕਾਰਾਂ ਨੂੰ ਨਿਭਾਉਣ ਦੇ ਅਨੁਕ੍ਰਮ ਵਿੱਚ ਪੈਦਾ ਹੋਣ ਵਾਲੇ ਕਿਸੇ ਸਵਾਲ ਨੂੰ ਧਾਰਾ 19 ਅਧੀਨ ਗਠਤ ਕੀਤੀ ਗਈ ਕਿਸੇ ਮੁਨਾਸਬ ਕਮੇਟੀ ਨੂੰ ਭੇਜਣ ਅਤੇ ਉਸ ਉੱਤੇ ਕਮੇਟੀ ਦੀਆਂ ਸਿਫ਼ਾਰਸ਼ਾਂ ਜਾਂ ਸੁਝਾਵਾਂ ਤੇ ਵਿਚਾਰ ਕਰਨ;

(xvii) ਆਪਣੀਆਂ ਅਜਿਹੀਆਂ ਸ਼ਕਤੀਆਂ ਅਧਿਸੂਚਨਾ ਦੁਆਰਾ ਅਜਿਹੀਆਂ ਸ਼ਰਤਾਂ ਦੇ ਤਾਬੇ, ਜਿਵੇਂ ਉਹ ਜ਼ਰੂਰੀ ਸਮਝੇ, ਕਿਸੇ ਸੰਬੱਧਤ ਸੰਸਥਾ ਜਾਂ ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਦੇ ਅਧੀਨ ਗਠਤ ਹੋਰ ਅਥਾਰਟੀ ਨੂੰ ਸੌਂਪਣ,

ਦੀ ਸ਼ਕਤੀ ਹੋਵੇਗੀ।

ਬੋਰਡ ਦੀ ਕਮੇਟੀ ਦਾ ਗਠਨ।

19. (1) ਬੋਰਡ, ਇਸ ਐਕਟ ਦੇ ਉਪਬੰਧਾਂ ਅਤੇ ਇਸ ਦੇ ਅਧੀਨ ਬਣਾਏ ਨਿਯਮਾਂ ਅਤੇ ਵਿਨਿਯਮਾਂ ਨੂੰ ਸਿਰੇ ਚਾੜ੍ਹਨ ਦੇ ਪ੍ਰਯੋਜਨ ਲਈ, ਅਜਿਹੀ ਕਮੇਟੀ ਸਥਾਪਤ ਕਰ ਸਕੇਗਾ, ਜਿਵੇਂ ਮੁਕੱਰਰ ਕੀਤੀ ਜਾਵੇ:

ਪਰੰਤੂ ਬੋਰਡ ਹੇਠ-ਲਿਖੀਆਂ ਕਮੇਟੀਆਂ ਸਥਾਪਤ ਕਰੇਗਾ, ਅਰਥਾਤ-

(i) ਅਕਾਦਮਿਕ ਕਮੇਟੀ;

(ii) ਸੰਬੱਧਤਾ ਅਤੇ ਮਾਨਤਾ ਕਮੇਟੀ;

(iii) ਪ੍ਰੀਖਿਆ ਕਮੇਟੀ; ਅਤੇ

(iv) ਵਿੱਤ ਕਮੇਟੀ।

(2) ਕਮੇਟੀਆਂ ਅਜਿਹੇ ਮੈਂਬਰਾਂ ਅਤੇ ਅਜਿਹੇ ਹੋਰ ਵਿਅਕਤੀਆਂ ਤੋਂ ਮਿਲ ਕੇ ਬਣਨਗੀਆਂ, ਜਿਵੇਂ ਬੋਰਡ ਜ਼ਰੂਰੀ ਸਮਝੇ ਜਾਂ ਜਿਵੇਂ ਮੁਕੱਰਰ ਕੀਤਾ ਜਾਵੇ।

(3) ਕਮੇਟੀਆਂ ਅਤੇ ਇਸ ਦੇ ਮੈਂਬਰਾਂ ਦੀ ਅਉਧ ਅਜਿਹੀ ਹੋਵੇਗੀ ਜਿਵੇਂ ਮੁਕੱਰਰ ਕੀਤੀ ਜਾਵੇ।

(4) ਹਰੇਕ ਕਮੇਟੀ ਆਪਣੀ ਰਿਪੋਟ ਬੋਰਡ ਨੂੰ ਉਸ ਤੇ ਅਜਿਹੇ ਫ਼ੈਸਲਿਆਂ ਲਈ ਪੇਸ਼ ਕਰੇਗੀ, ਜੋ ਉਹ ਜ਼ਰੂਰੀ ਸਮਝੇ।

ਬੋਰਡ ਦੇ ਅਧਿਕਾਰੀ।

20. ਇਸ ਐਕਟ ਦੇ ਹੋਰ ਉਪਬੰਧਾਂ ਦੇ ਤਾਬੇ, ਬੋਰਡ ਦੇ ਹੇਠ-ਲਿਖੇ ਅਧਿਕਾਰੀ ਹੋਣਗੇ, ਅਰਥਾਤ:-

(1) ਚੇਅਰਮੈਨ;

(2) ਬੋਰਡ ਦਾ ਸਕੱਤਰ; ਅਤੇ

(3) ਕੋਈ ਹੋਰ ਅਧਿਕਾਰੀ ਜਾਂ ਅਧਿਕਾਰੀ ਜਿਨ੍ਹਾਂ ਨੂੰ ਸਰਕਾਰ ਦੁਆਰਾ ਸਮੇਂ ਸਮੇਂ ਤੇ ਬੋਰਡ ਦੇ ਅਧਿਕਾਰੀ ਜਾਂ ਅਧਿਕਾਰੀਆਂ ਵਜੋਂ ਅਧਿਸੂਚਿਤ ਕੀਤਾ ਜਾਵੇ।

ਚੇਅਰਮੈਨ ਦੀ ਨਿਯੁਕਤੀ।

21. (1) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਹੇਠ-ਲਿਖਿਆਂ ਵਿੱਚੋਂ ਇੱਕ ਵਿਅਕਤੀ ਨੂੰ ਚੇਅਰਮੈਨ ਵਜੋਂ ਨਿਯੁਕਤ ਕਰੇਗੀ, ਅਰਥਾਤ:-

(i) ਇੱਕ ਯੂਨੀਵਰਸਿਟੀ ਦਾ ਸੇਵਾ ਕਰ ਰਿਹਾ ਜਾਂ ਸੇਵਾ ਨਵਿਰਤ ਵਾਈਸ-ਚਾਂਸਲਰ; ਜਾਂ

(ii) ਭਾਰਤੀ ਪ੍ਰਸ਼ਾਸਨਿਕ ਸੇਵਾ ਦਾ ਇੱਕ ਸੇਵਾ ਕਰ ਰਿਹਾ ਜਾਂ ਸੇਵਾ ਨਵਿਰਤ ਮੈਂਬਰ ਜੋ ਵਿੱਤੀ ਕਮਿਸ਼ਨਰ ਹੈ ਜਾਂ ਰਿਹਾ ਹੋਵੇ; ਜਾਂ

(iii) ਇੱਕ ਉੱਘਾ ਸਿੱਖਿਆ ਸ਼ਾਸਤਰੀ ਜਿਸ ਕੋਲ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਡਿਗਰੀ ਕਾਲਜ ਵਿੱਚ ਘੱਟੋ ਘੱਟ ਦਸ ਸਾਲਾਂ ਲਈ ਪ੍ਰੋਫ਼ੈਸਰ ਜਾਂ ਇਸ ਦੇ ਬਰਾਬਰ ਦੇ ਅਹੁਦੇ ਦਾ ਤਜਰਬਾ ਹੋਵੇ; ਜਾਂ

(iv) ਇੱਕ ਉੱਘਾ ਵਿਗਿਆਨੀ ਜਾਂ ਤਕਨਾਲੋਜੀ ਮਾਹਰ ਜਿਸ ਕੋਲ ਤਕਨੀਕੀ ਸਿੱਖਿਆ ਅਤੇ ਸਿਖਲਾਈ ਦੇ ਕਿਸੇ ਸੰਸਥਾਨ ਵਿੱਚ

ਪ੍ਰੋਫ਼ੈਸਰ ਦੇ ਰੈਂਕ ਜਾਂ ਇਸ ਦੇ ਬਰਾਬਰ ਦੇ ਅਹੁਦੇ ਤੇ ਪੜ੍ਹਾਉਣ ਦਾ ਘੱਟੋ-ਘੱਟ ਦਸ ਸਾਲ ਦਾ ਤਜਰਬਾ ਹੋਵੇ; ਜਾਂ

(v) ਅਜਿਹਾ ਵਿਅਕਤੀ ਜੋ ਪੰਜਾਬ ਸਰਕਾਰ ਵਿੱਚ ਘੱਟੋ-ਘੱਟ ਦੋ ਸਾਲਾਂ ਦੀ ਮੁੱਦਤ ਲਈ ਕੈਬਨਿਟ ਮੰਤਰੀ ਜਾਂ ਰਾਜ ਮੰਤਰੀ ਹੈ ਜਾਂ ਰਿਹਾ ਹੋਵੇ।

(2) ਕਿਸੇ ਵੀ ਵਿਅਕਤੀ ਨੂੰ ਚੇਅਰਮੈਨ ਵਜੋਂ ਨਿਯੁਕਤ ਨਹੀਂ ਕੀਤਾ ਜਾਵੇਗਾ ਜੇ ਉਸ ਨੇ ਸੱਤਰ ਸਾਲ ਦੀ ਉਮਰ ਪੂਰੀ ਕਰ ਲਈ ਹੈ।

(3) ਉਪ-ਧਾਰਾ (2) ਦੇ ਉਪਬੰਧਾਂ ਦੇ ਤਾਬੇ, ਚੇਅਰਮੈਨ ਦੇ ਅਹੁਦੇ ਦੀ ਅਉਧ ਤਿੰਨ ਸਾਲਾਂ ਦੀ ਹੋਵੇਗੀ ਅਤੇ ਉਹ ਮੁੜ-ਨਿਯੁਕਤੀ ਲਈ ਪਾਤਰ ਹੋਵੇਗਾ।

(4) ਚੇਅਰਮੈਨ ਅਜਿਹੀਆਂ ਤਨਖਾਹਾਂ ਅਤੇ ਭੱਤਿਆਂ ਦਾ ਹੱਕਦਾਰ ਹੋਵੇਗਾ ਅਤੇ ਅਜਿਹੀਆਂ ਸ਼ਰਤਾਂ ਦੁਆਰਾ ਸ਼ਾਸ਼ਤ ਹੋਵੇਗਾ, ਜਿਵੇਂ ਮੁਕੱਰਰ ਕੀਤੀਆਂ ਜਾਣ।

(5) ਚੇਅਰਮੈਨ ਨੂੰ ਸਰਕਾਰ ਦੁਆਰਾ ਅਹੁਦੇ ਤੋਂ ਹਟਾਇਆ ਜਾ ਸਕੇਗਾ, ਜੇ ਉਹ,-

(ੳ) ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਤੋਂ ਜਾਣ-ਬੁੱਝ ਕੇ ਇਨਕਾਰ ਕਰਦਾ ਹੈ; ਜਾਂ

(ਅ) ਉਸ ਵਿੱਚ ਨਿਹਿਤ ਕੀਤੀਆਂ ਸ਼ਕਤੀਆਂ ਦੀ ਦੁਰਵਰਤੋਂ ਕਰਦਾ ਹੈ; ਜਾਂ

(ੲ) ਦੀਵਾਲੀਆ ਨਿਆਂ-ਨਿਰਣਤ ਹੋ ਜਾਂਦਾ ਹੈ; ਜਾਂ

(ਸ) ਕਾਨੂੰਨ ਦੀ ਅਦਾਲਤ ਦੁਆਰਾ ਸਦਾਚਾਰਕ ਗਿਰਾਵਟ ਵਾਲੇ ਅਪਰਾਧ ਲਈ ਸਿੱਧ-ਦੋਸ਼ੀ ਠਹਿਰਾਇਆ ਜਾਂਦਾ ਹੈ; ਜਾਂ

(ਹ) ਜੇ ਸਰਕਾਰ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਉਸ ਦਾ ਇਸ ਅਹੁਦੇ ਤੇ ਬਣੇ ਰਹਿਣਾ ਲੋਕ ਹਿੱਤ ਲਈ ਹਾਨੀਕਾਰਕ ਹੈ:

ਪਰੰਤੂ ਇਸ ਉਪ-ਧਾਰਾ ਅਧੀਨ ਕੋਈ ਹੁਕਮ ਉਸ ਨੂੰ ਸੁਣਵਾਈ ਦਾ ਵਾਜਬ ਮੌਕਾ ਦਿੱਤੇ ਬਿਨ੍ਹਾਂ ਅਤੇ ਉਸ ਦੇ ਕਾਰਨ ਕਲਮਬੰਦ ਕਰਨ ਪਿੱਛੋਂ ਪਾਸ ਨਹੀਂ ਕੀਤਾ ਜਾਵੇਗਾ।

22. (1) ਬੋਰਡ ਦੀ ਨਿਗਰਾਨੀ, ਕੰਟਰੋਲ ਅਤੇ ਨਿਰਦੇਸ਼ ਦੇ ਤਾਬੇ, ਚੇਅਰਮੈਨ ਕੋਲ,– ਚੇਅਰਮੈਨ ਦੀਆਂ ਸ਼ਕਤੀਆਂ ਅਤੇ ਕਰਤੱਵ।

(i) ਬੋਰਡ ਦੇ ਫ਼ੈਸਲਿਆਂ ਦੇ ਪਰਿਪਾਲਣ ਕਰਨ ਲਈ ਲੋੜੀਂਦੇ ਸਾਰੇ ਕਾਰਜ ਕਰਨ ਅਤੇ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰਨ ਅਤੇ ਉਸ ਦੇ ਸਬੰਧ ਵਿੱਚ ਅਜਿਹੇ ਹੋਰ ਕਰਤੱਵ ਨਿਭਾਉਣ, ਜਿਵੇਂ ਮੁਕੱਰਰ ਕੀਤਾ ਜਾਵੇ;

(ii) ਬੋਰਡ ਦੀ ਅਧਿਕਾਰਤਾ ਵਿੱਚ ਆਉਣ ਵਾਲੇ ਕਿਸੇ ਮਾਮਲੇ ਤੇ ਧਾਰਾ 19 ਅਧੀਨ ਗਠਤ ਕਮੇਟੀਆਂ ਦੀਆਂ ਸਿਫ਼ਾਰਸ਼ਾਂ ਤੇ ਅਜਿਹੇ ਹੁਕਮ ਕਰਨ, ਜਿਵੇਂ ਉਹ ਜ਼ਰੂਰੀ ਸਮਝੇ,

ਦੀਆਂ ਸ਼ਕਤੀਆਂ ਹੋਣਗੀਆਂ:

ਪਰੰਤੂ ਜਿੱਥੇ ਅਜਿਹੇ ਹੁਕਮ ਕਮੇਟੀ ਜਾਂ ਕਮੇਟੀਆਂ, ਜਿਹੀ ਕਿ ਸੂਰਤ ਹੋਵੇ, ਦੀਆਂ ਸਿਫ਼ਾਰਸ਼ਾਂ ਦੇ ਅਸੰਗਤ ਹੋਣ,

ਉੱਥੇ ਉਨ੍ਹਾਂ ਨੂੰ ਅਜਿਹੇ ਹੁਕਮ ਪਾਸ ਹੋਣ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਅੰਦਰ ਪੁਸ਼ਟੀ ਲਈ ਬੋਰਡ ਦੇ ਅੱਗੇ ਰੱਖਿਆ ਜਾਵੇਗਾ।

(2) ਜੇ ਚੇਅਰਮੈਨ ਦੀ ਤੁਸ਼ਟੀ ਹੈ ਕਿ ਕਿਸੇ ਮਾਮਲੇ ਤੇ ਕਾਰਵਾਈ ਕੀਤੀ ਜਾਣੀ ਲੋੜੀਂਦੀ ਹੈ, ਜੋ ਬੋਰਡ ਦੀ ਅਧਿਕਾਰਤਾ ਵਿੱਚ ਹੈ, ਤਾਂ ਉਹ, ਲਿਖਤੀ ਰੂਪ ਵਿੱਚ ਹੁਕਮ ਦੁਆਰਾ, ਅਜਿਹੀ ਕਾਰਵਾਈ ਕਰ ਸਕੇਗਾ, ਜਿਵੇਂ ਉਹ ਹਰੇਕ ਮਾਮਲੇ ਦੇ ਤੱਥਾਂ ਅਤੇ ਹਾਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਰੂਰੀ ਸਮਝੇ:

ਪਰੰਤੂ ਅਜਿਹਾ ਹੁਕਮ ਬੋਰਡ ਦੀ ਅਗਲੀ ਇਕੱਤਰਤਾ ਵਿੱਚ ਪੁਸ਼ਟੀ ਲਈ ਰੱਖਿਆ ਜਾਵੇਗਾ।

(3) ਚੇਅਰਮੈਨ ਬੋਰਡ ਦੀ ਉਸ ਇਕੱਤਰਤਾ ਨੂੰ ਬੁਲਾਏਗਾ ਅਤੇ ਉਸ ਦੀ ਪ੍ਰਧਾਨਗੀ ਕਰੇਗਾ ਜਿਸ ਵਿੱਚ ਉਹ ਹਾਜ਼ਰ ਹੋਵੇ।

ਵਾਈਸ-ਚੇਅਰਮੈਨ।

22-ਓ. ਵਾਈਸ-ਚੇਅਰਮੈਨ ਸਰਕਾਰ ਦੁਆਰਾ ਧਾਰਾ 5 ਦੀ ਉਪ-ਧਾਰਾ (1) ਦੇ ਭਾਗ-ਅ ਵਿੱਚ ਜ਼ਿਕਰ ਕੀਤੀਆਂ ਗਈਆਂ ਮੱਦਾਂ (ii), (viii) ਅਤੇ (xii) ਵਿੱਚ ਉਲਿਖਤ ਮੈਂਬਰਾਂ ਵਿੱਚੋਂ ਨਾਮਜ਼ਦ ਕੀਤਾ ਜਾਵੇਗਾ।

ਸਕੱਤਰ ਦੀ ਨਿਯੁਕਤੀ।

23. ਸਰਕਾਰ ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਬੋਰਡ ਦੀ ਸਹਾਇਤਾ ਕਰਨ ਲਈ ਇੱਕ ਵਿਅਕਤੀ ਨੂੰ ਸਕੱਤਰ ਵਜੋਂ ਨਿਯੁਕਤ ਕਰੇਗੀ।

ਸਕੱਤਰ ਦੀਆਂ ਸ਼ਕਤੀਆਂ ਅਤੇ ਕਰਤੱਵ।

24. (1) ਸਕੱਤਰ, ਚੇਅਰਮੈਨ ਦੀ ਨਿਗਰਾਨੀ, ਕੰਟਰੋਲ ਅਤੇ ਨਿਰਦੇਸ਼ ਦੇ ਤਾਬੇ, ਬੋਰਡ ਦਾ ਮੁੱਖ ਕਾਰਜਕਾਰੀ ਅਧਿਕਾਰੀ ਹੋਵੇਗਾ।

(2) ਸਕੱਤਰ, ਬੋਰਡ ਦੇ ਲੇਖਿਆਂ ਦੇ ਅਨੁਮਾਨ ਅਤੇ ਪ੍ਰਾਪਤੀਆਂ ਅਤੇ ਖ਼ਰਚਿਆਂ ਦੇ ਸਲਾਨਾ ਵਿਵਰਣ ਅਤੇ ਸੰਤੁਲਨ ਪੱਤਰ ਤਿਆਰ ਕਰਨ ਲਈ ਜ਼ਿੰਮੇਵਾਰ ਹੋਵੇਗਾ।

(3) ਸਕੱਤਰ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੋਵੇਗਾ ਕਿ ਬੋਰਡ ਦਾ ਸਾਰਾ ਧਨ ਉਨ੍ਹਾਂ ਪ੍ਰਯੋਜਨਾਂ ਲਈ ਖਰਚ ਕੀਤਾ ਜਾਂਦਾ ਹੈ, ਜਿਨ੍ਹਾਂ ਦੇ ਮਤਲਬ ਲਈ ਇਹ ਹੈ।

(4) ਸਕੱਤਰ, ਬੋਰਡ ਦੇ ਰਿਕਾਰਡ ਨੂੰ ਕਾਇਮ ਰੱਖਣ ਲਈ ਜ਼ਿੰਮੇਵਾਰ ਹੋਵੇਗਾ, ਜਿਸ ਵਿੱਚ ਇਸ ਦੀਆਂ ਇਕੱਤਰਤਾਵਾਂ ਦੀਆਂ ਕਾਰਵਾਈ ਰਿਪੋਟਾਂ ਸ਼ਾਮਲ ਹਨ।

(5) ਸਕੱਤਰ ਬੋਰਡ ਦੀਆਂ ਇਕੱਤਰਤਾਵਾਂ ਵਿੱਚ ਹਾਜ਼ਰ ਹੋਣ ਅਤੇ ਬੋਲਣ ਦਾ ਹੱਕਦਾਰ ਹੋਵੇਗਾ, ਪਰ ਉਸ ਨੂੰ ਵੋਟ ਦਾ ਅਧਿਕਾਰ ਨਹੀਂ ਹੋਵੇਗਾ।

(6) ਸਕੱਤਰ ਅਜਿਹੀਆਂ ਹੋਰ ਸਾਰੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ, ਜੋ ਜਾਂ ਤਾਂ ਉਸ ਨੂੰ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਅਧੀਨ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ ਜਾਂ ਬੋਰਡ ਦੁਆਰਾ ਉਸ ਨੂੰ ਸੌਂਪੀਆਂ ਜਾ ਸਕਦੀਆਂ ਹਨ।

ਕਰਮਚਾਰੀਆਂ ਦੀਆਂ ਸੇਵਾ ਦੀਆਂ ਸ਼ਰਤਾਂ।

25. ਬੋਰਡ, ਸੇਵਾ ਦੇ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਤੇ, ਜਿਵੇਂ ਮੁਕੱਰਰ ਕੀਤੀਆਂ ਜਾਣ, ਅਜਿਹੇ ਕਰਮਚਾਰੀਆਂ ਦੀ ਨਿਯੁਕਤੀ ਕਰ ਸਕਦਾ ਹੈ, ਜਿਵੇਂ ਉਹ ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਲਈ ਜ਼ਰੂਰੀ ਸਮਝੇ।

ਬੋਰਡ ਦਾ ਫ਼ੰਡ। 26. (1) ਤਕਨੀਕੀ ਸਿੱਖਿਆ ਵਿਕਾਸ ਫ਼ੰਡ (ਇਸ ਤੋਂ ਪਿੱਛੋਂ ਫ਼ੰਡ ਵਜੋਂ ਹਵਾਲਾ ਦਿੱਤਾ ਜਾਵੇਗਾ) ਕਿਹਾ ਜਾਣ ਵਾਲਾ ਬੋਰਡ ਦਾ ਇੱਕ ਫ਼ੰਡ ਹੋਵੇਗਾ।

(2) ਬੋਰਡ ਦੀ ਸਾਰੀ ਆਮਦਨ ਇਸ ਫ਼ੰਡ ਵਿੱਚ ਜਮ੍ਹਾਂ ਕੀਤੀ ਜਾਵੇਗੀ।

(3) ਬੋਰਡ ਦੁਆਰਾ ਕੀਤਾ ਗਿਆ ਸਾਰਾ ਖਰਚ ਇਸ ਫ਼ੰਡ ਵਿੱਚੋਂ ਅਦਾ ਕੀਤਾ ਜਾਵੇਗਾ, ਜਿਸ ਦਾ ਸੰਚਾਲਨ ਅਜਿਹੇ ਤਰੀਕੇ ਨਾਲ ਕੀਤਾ ਜਾਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(4) ਫ਼ੰਡ ਵਿੱਚ ਜਮ੍ਹਾਂ ਸਾਰਾ ਧਨ ਕਿਸੇ ਅਨੁਸੂਚਿਤ ਬੈਂਕ ਜਿਵੇਂ ਭਾਰਤੀ ਰਿਜ਼ਰਵ ਬੈਂਕ ਐਕਟ, 1934 (1934 ਦਾ ਐਕਟ 2) ਵਿੱਚ ਪਰਿਭਾਸ਼ਤ ਕੀਤਾ ਗਿਆ, ਵਿੱਚ ਰੱਖਿਆ ਜਾਵੇਗਾ ਜਾਂ ਇਸ ਨੂੰ ਕੇਂਦਰੀ ਸਰਕਾਰ, ਰਾਜ ਸਰਕਾਰ ਜਾਂ ਸਰਕਾਰੀ ਖੇਤਰ ਦੇ ਉਪਕ੍ਰਮ ਦੀਆਂ ਸਕਿਉਰਿਟੀਆਂ ਵਿੱਚ ਵੀ ਨਿਵੇਸ਼ ਕੀਤਾ ਜਾ ਸਕੇਗਾ।

(5) ਫ਼ੰਡ ਦੀ ਵਰਤੋਂ ਇਸ ਐਕਟ ਦੁਆਰਾ ਜਾਂ ਦੇ ਅਧੀਨ ਅਧਿਕਾਰਤ ਚਾਰਜਿਜ਼ ਅਤੇ ਖਰਚਿਆਂ ਦੀ ਅਦਾਇਗੀ ਲਈ ਜਾਂ ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਕੀਤੀ ਜਾਵੇਗੀ।

ਸਲਾਨਾ ਲੇਖਿਆਂ ਦੀ ਤਿਆਰੀ ਅਤੇ ਆਡਿਟ। 27. ਬੋਰਡ ਦੇ ਲੇਖੇ ਸਕੱਤਰ ਦੁਆਰਾ ਤਿਆਰ ਕਰਵਾਏ ਜਾਣਗੇ ਅਤੇ ਅਜਿਹੀ ਰਕਮ ਦੀ ਅਦਾਇਗੀ ਤੇ ਅਜਿਹੀ ਏਜੰਸੀ ਦੁਆਰਾ ਸਲਾਨਾ ਤੌਰ ਤੇ ਆਡਿਟ ਕੀਤੇ ਜਾਣਗੇ, ਜਿਵੇਂ ਸਰਕਾਰ ਦੁਆਰਾ ਉਲਿਖਤ ਕੀਤਾ ਜਾਵੇ।

28. (1) ਬੋਰਡ ਦੀ ਸਲਾਨਾ ਰਿਪੋਟ ਸਕੱਤਰ ਦੁਆਰਾ ਤਿਆਰ ਕੀਤੀ ਜਾਵੇਗੀ ਅਤੇ ਅਜਿਹੇ ਸਮੇਂ ਅੰਦਰ, ਜਿਵੇਂ ਮੁਕੱਰਰ ਕੀਤਾ ਜਾਵੇ, ਬੋਰਡ ਨੂੰ ਪੇਸ਼ ਕੀਤੀ ਜਾਵੇਗੀ। ਸਲਾਨਾ ਰਿਪੋਟ ਦੀ ਤਿਆਰੀ ਅਤੇ ਪੇਸ਼ਕਾਰੀ।

(2) ਬੋਰਡ ਆਪਣੀ ਸਲਾਨਾ ਇਕੱਤਰਤਾ ਵਿੱਚ ਸਲਾਨਾ ਰਿਪੋਟ ਦੀ ਪ੍ਰਵਾਨਗੀ ਲਈ ਇਸ ਨੂੰ ਵਿਚਾਰੇਗਾ।

(3) ਬੋਰਡ ਇਕੱਤਰਤਾ ਤੋਂ ਤੀਹ ਦਿਨਾਂ ਦੀ ਮੁੱਦਤ ਦੇ ਅੰਦਰ ਆਪਣੀ ਪ੍ਰਵਾਨਤ ਰਿਪੋਟ, ਆਡਿਟ ਕੀਤੇ ਸਲਾਨਾ ਲੇਖਿਆਂ ਅਤੇ ਸੰਤੁਲਨ ਪੱਤਰ ਸਮੇਤ ਸਰਕਾਰ ਨੂੰ ਪੇਸ਼ ਕਰੇਗਾ।

(4) ਸਰਕਾਰ, ਉਪ-ਧਾਰਾ (3) ਅਧੀਨ ਬੋਰਡ ਦੇ ਆਡਿਟ ਕੀਤੇ ਸਲਾਨਾ ਲੇਖਿਆਂ ਅਤੇ ਸੰਤੁਲਨ ਪੱਤਰ ਸਮੇਤ ਸਲਾਨਾ ਰਿਪੋਟ ਦੇ ਪੇਸ਼ ਕੀਤੇ ਜਾਣ ਤੋਂ ਤੁਰੰਤ ਪਿੱਛੋਂ ਉਸ ਨੂੰ ਰਾਜ ਵਿਧਾਨ ਸਭਾ ਅੱਗੇ ਰਖਵਾਏਗੀ:

ਪਰੰਤੂ ਜਦੋਂ ਰਿਪੋਟ ਅਤੇ ਲੇਖੇ ਬਜਟ ਇਜਲਾਸ ਅੱਗੇ ਰੱਖੇ ਜਾਣੇ ਹੋਣ, ਤਾਂ ਇਹ ਇਜਲਾਸ ਦੀ ਪਹਿਲੀ ਬੈਠਕ ਵਿੱਚ ਸਦਨ ਦੇ ਅੱਗੇ ਰੱਖੇ ਜਾਣਗੇ:

ਪਰੰਤੂ ਇਹ ਹੋਰ ਕਿ ਉਕਤ ਰਿਪੋਟ ਜਿਸ ਸਾਲ ਨਾਲ ਰਿਪੋਟ ਸਬੰਧਤ ਹੈ, ਉਸ ਸਾਲ ਤੋਂ ਅਗਲੇ ਵਿੱਤੀ ਸਾਲ ਦੀ ਸਮਾਪਤੀ ਤੋਂ ਪਹਿਲਾਂ ਰਾਜ ਵਿਧਾਨ ਸਭਾ ਦੇ ਅੱਗੇ ਰੱਖੀ ਜਾਵੇਗੀ।

29. (1) ਸਰਕਾਰ ਕੋਲ ਨੀਤੀ ਦੇ ਕਿਸੇ ਮਾਮਲੇ ਬਾਬਤ ਜਾਂ ਇਸ ਐਕਟ ਦੇ ਉਪਬੰਧਾਂ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਦੀ ਉਲੰਘਣਾ ਸਰਕਾਰ ਦੀਆਂ ਸ਼ਕਤੀਆਂ।

ਵਿੱਚ ਬੋਰਡ ਦੁਆਰਾ ਕੀਤੇ ਗਏ ਕਿਸੇ ਵੀ ਕਾਰਜ ਦੇ ਬਾਰੇ ਵਿੱਚ ਬੋਰਡ ਨੂੰ ਹਵਾਲਾ ਕਰਨ ਦੀ ਸ਼ਕਤੀ ਹੋਵੇਗੀ।

(2) ਬੋਰਡ ਸਰਕਾਰ ਨੂੰ ਉਸ ਕਾਰਵਾਈ ਬਾਰੇ ਰਿਪੋਟ ਕਰੇਗਾ, ਜੇ ਕੋਈ ਹੋਵੇ, ਜਿਵੇਂ ਉਹ ਉਪ-ਧਾਰਾ (1) ਅਧੀਨ ਦਿੱਤੇ ਗਏ ਹਵਾਲੇ ਤੇ ਕਰਨ ਦੀ ਤਜਵੀਜ਼ ਰੱਖਦਾ ਹੈ ਜਾਂ ਕਰ ਚੁੱਕਾ ਹੈ ਅਤੇ ਜੇ ਉਹ ਕਾਰਵਾਈ ਕਰਨ ਵਿੱਚ ਅਸਫ਼ਲ ਰਹਿੰਦਾ ਹੈ ਤਾਂ ਸਪੱਸ਼ਟੀਕਰਨ ਦੇਵੇਗਾ।

(3) ਜੇ, ਬੋਰਡ ਸਰਕਾਰ ਦੀ ਤਸੱਲੀ ਮੁਤਾਬਕ ਅਜਿਹੇ ਹਵਾਲੇ ਤੇ ਵਾਜਬ ਸਮੇਂ ਦੇ ਅੰਦਰ ਕਾਰਵਾਈ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਇਹ ਬੋਰਡ ਦੁਆਰਾ ਪੇਸ਼ ਕੀਤੇ ਗਏ ਸਪੱਸ਼ਟੀਕਰਨ ਤੇ ਵਿਚਾਰ ਕਰਨ ਪਿੱਛੋਂ, ਇਸ ਐਕਟ ਦੇ ਸੰਗਤ ਅਜਿਹੇ ਨਿਰਦੇਸ਼ ਜਾਰੀ ਕਰ ਸਕੇਗੀ, ਜਿਵੇਂ ਸਰਕਾਰ ਜ਼ਰੂਰੀ ਸਮਝੇ ਅਤੇ ਬੋਰਡ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰੇਗਾ।

(4) ਸਰਕਾਰ, ਕਿਸੇ ਵੀ ਸਮੇਂ, ਬੋਰਡ ਦੀ ਉਚਿਤ ਅਤੇ ਪ੍ਰਭਾਵਸ਼ਾਲੀ ਕਾਰਜਕਾਰਤਾ ਬਾਰੇ ਅਤੇ ਬੋਰਡ ਦੇ ਪ੍ਰਸ਼ਾਸਨ ਅਤੇ ਵਿੱਤਾਂ ਨਾਲ ਤੱਲਕ ਰੱਖਦੇ ਕਿਸੇ ਮਾਮਲੇ ਤੇ ਵੀ ਤਸੱਲੀ ਕਰਨ ਲਈ, ਅਜਿਹੀ ਅਥਾਰਟੀ ਜਾਂ ਵਿਅਕਤੀ ਦੁਆਰਾ, ਜਿਵੇਂ ਉਹ ਉਲਿਖਤ ਕਰੇ, ਬੋਰਡ ਦੇ ਮਾਮਲਿਆਂ ਦਾ ਨਿਰੀਖਣ ਜਾਂ ਦੇ ਵਿੱਚ ਜਾਂਚ ਦਾ ਇੰਤਜ਼ਾਮ ਕਰ ਸਕਦੀ ਹੈ।

(5) ਬੋਰਡ ਉਪ-ਧਾਰਾ (4) ਵਿੱਚ ਹਵਾਲਾ ਦਿੱਤੇ ਗਏ ਨਿਰੀਖਣ ਜਾਂ ਜਾਂਚ ਵਿੱਚ ਆਪਣੀ ਪ੍ਰਤੀਨਿਧਤਾ ਕਰਨ ਲਈ ਕਿਸੇ ਵਿਅਕਤੀ ਨੂੰ ਅਖ਼ਤਿਆਰਤ ਕਰ ਸਕਦਾ ਹੈ।

(6) ਉਪ-ਧਾਰਾ (4) ਵਿੱਚ ਹਵਾਲਾ ਦਿੱਤੇ ਨਿਰੀਖਣ ਜਾਂ ਜਾਂਚ ਦੀ ਰਿਪੋਟ ਪ੍ਰਾਪਤ ਹੋਣ ਤੇ, ਸਰਕਾਰ ਉਸਦੀ ਪਰਖ ਕਰ ਸਕਦੀ ਹੈ ਅਤੇ ਬੋਰਡ ਨੂੰ ਅਜਿਹੇ ਨਿਰਦੇਸ਼ ਦੇ ਸਕਦੀ ਹੈ, ਜਿਵੇਂ ਉਹ ਜ਼ਰੂਰੀ ਸਮਝੇ।

(7) ਚੇਅਰਮੈਨ, ਉਪ-ਧਾਰਾ (6) ਅਧੀਨ ਦਿੱਤੇ ਗਏ ਨਿਰਦੇਸ਼ਾਂ ਦੀ ਪ੍ਰਾਪਤੀ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਦੇ ਅੰਦਰ, ਉਕਤ ਨਿਰਦੇਸ਼ਾਂ ਦੀ ਅਨੁਸਾਰਤਾ ਵਿੱਚ ਬੋਰਡ ਦੁਆਰਾ ਕੀਤੀ ਗਈ ਕਾਰਵਾਈ ਬਾਰੇ ਸਰਕਾਰ ਨੂੰ ਇਤਲਾਹ ਦੇਵੇਗਾ।

(8) ਉਪ-ਧਾਰਾ (7) ਵਿੱਚ ਉਲਿਖਤ ਮੁੱਦਤ ਦੇ ਗੁਜ਼ਰਨ ਤੇ, ਸਰਕਾਰ ਚੇਅਰਮੈਨ ਤੋਂ ਪ੍ਰਾਪਤ ਇਤਲਾਹ, ਜੇ ਕੋਈ ਹੋਵੇ, ਵਿਚਾਰਨ ਪਿੱਛੋਂ, ਬੋਰਡ ਨੂੰ ਅਜਿਹੇ ਨਿਰਦੇਸ਼ ਜਾਰੀ ਕਰ ਸਕੇਗੀ ਜਿਵੇਂ ਉਹ ਜ਼ਰੂਰੀ ਸਮਝੇ ਅਤੇ ਬੋਰਡ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰੇਗਾ।

30. ਬੋਰਡ ਦਾ ਹਰੇਕ ਮਤਾ ਅਜਿਹੇ ਮਤੇ ਦੇ ਪਾਸ ਹੋਣ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਅੰਦਰ ਸਰਕਾਰ ਨੂੰ ਸੰਸੂਚਿਤ ਕੀਤਾ ਜਾਵੇਗਾ। ਸਰਕਾਰ ਨੂੰ ਮਤੇ ਦੀ ਸੰਸੂਚਨਾ।

31. ਜੇ ਸਰਕਾਰ ਦੀ ਰਾਏ ਵਿੱਚ, ਬੋਰਡ ਦਾ ਕੋਈ ਮਤਾ ਲੋਕ ਹਿੱਤ ਵਿੱਚ ਨਹੀਂ ਹੈ ਜਾਂ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਦੀ ਅਨੁਰੂਪਤਾ ਵਿੱਚ ਨਹੀਂ ਹੈ ਤਾਂ ਉਹ ਇੱਕ ਲਿਖਤੀ ਹੁਕਮ ਦੁਆਰਾ, ਅਜਿਹੇ ਮਤੇ ਦੀ ਤਕਮੀਲ ਨੂੰ ਮੁਅੱਤਲ ਕਰ ਸਕਦੀ ਹੈ: ਸਰਕਾਰ ਦੀ ਬੋਰਡ ਦੇ ਮਤੇ ਨੂੰ ਰੱਦ ਕਰਨ ਜਾਂ ਮੁਅੱਤਲ ਕਰਨ ਦੀ ਸ਼ਕਤੀ।

ਪਰੰਤੂ ਮਤਾ ਜਿਸ ਦੀ ਤਕਮੀਲ, ਸਰਕਾਰ ਦੁਆਰਾ ਮੁਅੱਤਲ ਕਰ ਦਿੱਤੀ ਜਾਂਦੀ ਹੈ, ਬੋਰਡ ਨੂੰ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਵਾਜਬ ਮੌਕਾ ਦਿੱਤੇ ਬਿਨਾਂ ਰੱਦ ਨਹੀਂ ਕੀਤਾ ਜਾਵੇਗਾ।

ਸਰਕਾਰ ਦੀ ਨਿਰਦੇਸ਼ ਦੇਣ ਦੀ ਸ਼ਕਤੀ।

32. ਸਰਕਾਰ ਬੋਰਡ ਨੂੰ ਅਜਿਹੇ ਨਿਰਦੇਸ਼ ਜਾਰੀ ਕਰ ਸਕਦੀ ਹੈ ਜੋ ਉਸ ਦੀ ਰਾਏ ਵਿੱਚ ਇਸ ਐਕਟ ਜਾਂ ਇਸ ਦੇ ਅਧੀਨ ਨਿਯਮਾਂ ਜਾਂ ਵਿਨਿਯਮਾਂ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਜ਼ਰੂਰੀ ਜਾਂ ਹਾਲਾਤਾਂ ਅਨੁਸਾਰ ਉਚਿਤ ਹਨ ਅਤੇ ਬੋਰਡ ਅਜਿਹੇ ਸਾਰੇ ਨਿਰਦੇਸ਼ਾਂ ਦੀ ਪਾਲਣਾ ਕਰੇਗਾ।

ਅਪੀਲ।

33. ਬੋਰਡ ਦੁਆਰਾ ਸੰਬੱਧਤਾ ਤੋਂ ਇਨਕਾਰ ਕਰਨ ਜਾਂ ਵਾਪਸ ਲੈਣ ਦੇ ਹੁਕਮ ਤੋਂ ਦੁਖਤ ਸੰਸਥਾ, ਅਜਿਹੇ ਹੁਕਮ ਦੇ ਸੰਸੂਚਿਤ ਹੋਣ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਅੰਦਰ ਅਜਿਹੀ ਅਥਾਰਟੀ ਨੂੰ ਅਪੀਲ ਕਰ ਸਕੇਗੀ ਜੋ ਸਰਕਾਰ ਦੁਆਰਾ ਇਸ ਨਮਿੱਤ ਉਲਿਖਤ ਕੀਤੀ ਜਾਵੇ।

ਕੁੱਝ ਕੁ ਵਿਅਕਤੀਆਂ ਦਾ ਲੋਕ ਸੇਵਕ ਹੋਣਾ।

34. (1) ਬੋਰਡ ਦਾ ਹਰੇਕ ਮੈਂਬਰ, ਅਧਿਕਾਰੀ ਅਤੇ ਕਰਮਚਾਰੀ ਭਾਰਤੀ ਦੰਡ ਸੰਘਤਾ, 1860 (1860 ਦਾ ਐਕਟ 45) ਦੀ ਧਾਰਾ 21 ਦੇ ਅਰਥਾਂ ਅੰਦਰ ਲੋਕ ਸੇਵਕ ਸਮਝਿਆ ਜਾਵੇਗਾ।

(2) ਹਰੇਕ ਵਿਅਕਤੀ ਜਿਸ ਨੂੰ ਕਿਸੇ ਕੇਂਦਰ ਤੇ ਨਿਗਰਾਨੀ ਜਾਂ ਨਿਰੀਖਣ ਦਾ ਕੰਮ ਸੌਂਪਿਆ ਗਿਆ ਹੈ ਜਿੱਥੇ ਬੋਰਡ ਦੁਆਰਾ ਪ੍ਰੀਖਿਆ ਕਰਵਾਈ ਜਾਂਦੀ ਹੈ, ਉਹ ਅਜਿਹੀ ਪ੍ਰੀਖਿਆ ਦੀ ਮੁੱਦਤ ਦੇ ਦੌਰਾਨ ਅਤੇ ਨਾਲ ਹੀ ਅਜਿਹੀ ਪ੍ਰੀਖਿਆ ਦੇ ਅਰੰਭ ਹੋਣ ਦੀ ਤਰੀਕ ਤੋਂ ਇੱਕ ਮਹੀਨਾ ਪਹਿਲਾਂ ਅਤੇ ਅਜਿਹੀ ਪ੍ਰੀਖਿਆ ਦੇ ਸਮਾਪਤ ਹੋਣ ਤੋਂ ਪਿੱਛੋਂ ਦੋ ਮਹੀਨਿਆਂ ਤੱਕ ਦੀ ਮੁੱਦਤ ਦੌਰਾਨ, ਭਾਰਤੀ ਦੰਡ ਸੰਘਤਾ,

1860 (1860 ਦਾ ਐਕਟ 45) ਦੀ ਧਾਰਾ 21 ਦੇ ਅਰਥਾਂ ਅੰਦਰ ਲੋਕ ਸੇਵਕ ਸਮਝਿਆ ਜਾਵੇਗਾ।

35. ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਅਧੀਨ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਵੀ ਗੱਲ ਲਈ ਬੋਰਡ ਜਾਂ ਇਸ ਦੀਆਂ ਅਥਾਰਟੀਆਂ ਜਾਂ ਬੋਰਡ ਦੇ ਕਿਸੇ ਮੈਂਬਰ ਜਾਂ ਇੱਕ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ। ਨੇਕ-ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਉ।

36. (1) ਬੋਰਡ ਜਾਂ ਅਥਾਰਟੀ ਜਾਂ ਇਸ ਦੇ ਕਿਸੇ ਮੈਂਬਰ ਜਾਂ ਅਧਿਕਾਰੀ ਜਾਂ ਕਰਮਚਾਰੀ ਦੇ ਵਿਰੁੱਧ ਇਸ ਐਕਟ ਅਧੀਨ ਕੀਤੀ ਗਈ ਜਾਂ ਕੀਤੀ ਜਾਣੀ ਤਾਤਪਰਜਤ ਕਿਸੇ ਗੱਲ ਲਈ ਕਾਨੂੰਨ ਦੀ ਅਦਾਲਤ ਵਿੱਚ ਉਦੋਂ ਤੱਕ ਕੋਈ ਦਾਵਾ ਦਾਇਰ ਨਹੀਂ ਕੀਤਾ ਜਾਵੇਗਾ ਜਦ ਤੱਕ ਬੋਰਡ, ਅਥਾਰਟੀ, ਮੈਂਬਰ, ਅਧਿਕਾਰੀ ਜਾਂ ਕਰਮਚਾਰੀ ਨੂੰ, ਜਿਹੀ ਕਿ ਸੂਰਤ ਹੋਵੇ, ਦੋ ਮਹੀਨੇ ਦਾ ਅਗੇਤਰਾ ਲਿਖਤੀ ਨੋਟਿਸ ਨ ਦਿੱਤਾ ਗਿਆ ਹੋਵੇ। ਨੋਟਿਸ ਦੀ ਗੈਰ-ਹਾਜ਼ਰੀ ਵਿੱਚ ਦਾਵੇ ਤੇ ਰੋਕ।

(2) ਅਜਿਹਾ ਕੋਈ ਦਾਵਾ ਅਦਾਲਤ ਵਿੱਚ ਉਦੋਂ ਤੱਕ ਦਾਇਰ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਹ ਕਾਰਵਾਈ ਦੇ ਕਾਰਨ ਉਤਪੰਨ ਹੋਣ ਦੀ ਤਰੀਕ ਤੋਂ ਛੇ ਮਹੀਨਿਆਂ ਦੇ ਅੰਦਰ ਦਾਇਰ ਨਹੀਂ ਕੀਤਾ ਜਾਂਦਾ।

37. ਇਸ ਐਕਟ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕਿਸੇ ਕਠਨਾਈ ਨੂੰ ਦੂਰ ਕਰਨ ਦੀ ਦ੍ਰਿਸ਼ਟੀ ਨਾਲ, ਸਰਕਾਰ, ਇਸ ਐਕਟ ਦੇ ਅਰੰਭ ਹੋਣ ਪਿੱਛੋਂ, ਕਿਸੇ ਵੀ ਸਮੇਂ, ਲਿਖਤੀ ਹੁਕਮ ਦੁਆਰਾ, ਕਿਸੇ ਮਾਮਲੇ ਨੂੰ ਵਿਨਿਯਮਤ ਕਰ ਸਕਦੀ ਹੈ, ਜਿਸ ਨੂੰ ਇਸ ਐਕਟ ਕਠਿਨਾਈਆਂ ਦੂਰ ਕਰਨਾ।

ਅਧੀਨ ਇੱਕ ਵਿਨਿਯਮ ਦੁਆਰਾ ਮੁਕੱਰਰ ਜਾਂ ਉਲਿਖਤ, ਜਿਹੀ ਕਿ ਸੂਰਤ ਹੋਵੇ, ਕੀਤਾ ਜਾਣਾ ਹੈ।

ਨਿਯਮ ਬਣਾਉਣ ਦੀ ਸ਼ਕਤੀ।

38. (1) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨ੍ਹਾਂ, ਅਜਿਹੇ ਨਿਯਮ ਹੇਠ-ਲਿਖੇ ਸਾਰੇ ਜਾਂ ਕਿਸੇ ਵੀ ਮਾਮਲਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:-

(ੳ) ਚੇਅਰਮੈਨ, ਵਾਈਸ-ਚੇਅਰਮੈਨ ਅਤੇ ਹੋਰ ਮੈਂਬਰਾਂ ਨੂੰ ਅਦਾਇਗੀਯੋਗ ਤਨਖਾਹ ਅਤੇ ਭੱਤੇ;

(ਅ) ਧਾਰਾ 19 ਵਿੱਚ ਹਵਾਲਾ ਦਿੱਤੀਆਂ ਗਈਆਂ ਕਮੇਟੀਆਂ ਦੇ ਮੈਂਬਰਾਂ ਦੀ ਅਉਧ, ਰਚਨਾ ਅਤੇ ਗਿਣਤੀ ਅਤੇ ਉਨ੍ਹਾਂ ਦੀ ਚੋਣ ਦਾ ਤਰੀਕਾ; ਅਤੇ

(ੲ) ਕੋਈ ਹੋਰ ਮਾਮਲਾ ਜਿਸ ਦੇ ਸਬੰਧ ਵਿੱਚ ਨਿਯਮ ਬਣਾਇਆ ਜਾਣਾ ਲੋੜੀਂਦਾ ਹੋਵੇ ਜਾਂ ਬਣਾਇਆ ਜਾ ਸਕਦਾ ਹੋਵੇ।

(3) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ

ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ; ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਲੋਪ ਕੀਤੇ ਜਾਣੋ ਰਹਿ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

39. (1) ਬੋਰਡ, ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ, ਇਸ ਐਕਟ ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੇ ਸੰਗਤ ਵਿਨਿਯਮ ਬਣਾ ਸਕੇਗਾ। ਵਿਨਿਯਮ ਬਣਾਉਣ ਦੀ ਸ਼ਕਤੀ।

(2) ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਵਿਨਿਯਮ ਹੇਠ-ਲਿਖਿਆਂ ਲਈ ਉਪਬੰਧ ਕਰ ਸਕਣਗੇ,-

(ੳ) ਸੰਬੱਧਤ ਸੰਸਥਾਵਾਂ ਵਿੱਚ ਵਿਦਿਆਰਥੀਆਂ ਦਾ ਦਾਖ਼ਲਾ;

(ਅ) ਸੰਬੱਧਤ ਸੰਸਥਾਵਾਂ ਦੁਆਰਾ ਉਪਬੰਧਤ ਕੀਤੇ ਜਾਣ ਵਾਲੇ ਅਧਿਐਨ ਅਤੇ ਸਿਖਲਾਈ ਕੋਰਸ;

(ੲ) ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਅਕਾਦਮਿਕ ਉਪਾਧੀਆਂ ਦੇਣਾ ਅਤੇ ਉਹ ਲੋੜਾਂ ਜੋ ਵਿਦਿਆਰਥੀਆਂ ਨੂੰ ਇਨ੍ਹਾਂ ਨੂੰ ਪ੍ਰਾਪਤ ਕਰਨ ਲਈ ਪੂਰੀਆਂ ਕਰਨੀਆਂ ਚਾਹੀਦੀਆਂ ਹਨ;

(ਸ) ਪ੍ਰੀਖਿਆ ਵਿੱਚ ਦਾਖ਼ਲੇ ਲਈ ਚਾਰਜ ਕੀਤੀ ਜਾਣ ਵਾਲੀ ਫ਼ੀਸ;

(ਹ) ਫ਼ੈਲੋਸ਼ਿਪਾਂ, ਵਜ਼ੀਫ਼ੇ, ਵਿਦਿਆਰਥੀ-ਵਜ਼ੀਫ਼ੇ ਅਤੇ ਅਕਾਦਮਿਕ ਉਪਾਧੀਆਂ ਦੇਣ ਲਈ ਸ਼ਰਤਾਂ;

(ਕ) ਪ੍ਰੀਖਿਆ ਦਾ ਸੰਚਾਲਨ ਜਿਸ ਵਿੱਚ ਪ੍ਰੀਖਿਆ ਲੈਣ ਵਾਲੀਆਂ ਬੌਡੀਆਂ, ਪ੍ਰੀਖਿਅਕਾਂ ਅਤੇ ਮਾਡਰੇਟਰਾਂ ਦੇ ਅਹੁਦੇ ਦੀ ਅਉਧ, ਨਿਯੁਕਤੀ ਦਾ ਤਰੀਕਾ ਅਤੇ ਕਰਤੱਵ ਸ਼ਾਮਲ ਹਨ;

(ਖ) ਪ੍ਰਸ਼ਨ ਪੱਤਰ ਤਿਆਰ ਕਰਨ ਵਾਲਿਆਂ, ਪ੍ਰੀਖਿਅਕਾਂ, ਮਾਡਰੇਟਰਾਂ, ਸੁਪਰਵਾਈਜ਼ਰਾਂ, ਨਿਗਰਾਨਾਂ ਅਤੇ ਟੈਬੂਲੇਟਰਾਂ ਨੂੰ, ਜੋ ਪ੍ਰੀਖਿਆ ਕਰਵਾਉਣ ਵਿੱਚ ਸਹਾਇਤਾ ਕਰਦੇ ਹਨ, ਦਿੱਤਾ ਜਾਣ ਵਾਲਾ ਮਿਹਨਤਾਨਾ;

(ਗ) ਇੱਕ ਸੰਸਥਾ ਨੂੰ ਸੰਬੱਧਤ ਕਰਨ ਦਾ ਤਰੀਕਾ;

(ਘ) ਅਧਿਐਨ ਦੇ ਕੋਰਸਾਂ ਦੀ ਮਾਨਤਾ ਦਾ ਤਰੀਕਾ, ਡਿਪਲੋਮਾ, ਸਰਟੀਫਿਕੇਟ ਅਤੇ ਹੋਰ ਉਪਾਧੀਆਂ ਲਈ ਪਾਤਰਤਾ ਦੇ ਪ੍ਰਯੋਜਨਾਂ ਲਈ ਸੰਸਥਾ ਦੁਆਰਾ ਸੰਚਾਲਤ ਪ੍ਰੀਖਿਆਵਾਂ ਅਤੇ ਸਿਖਲਾਈ ਦੀ ਕਿਸਮ;

(ਙ) ਤਾਲਮੇਲ ਨੂੰ ਪ੍ਰਭਾਵੀ ਬਣਾਉਣ ਅਤੇ ਝਗੜਾ ਟਾਲਣ ਦੀ ਦ੍ਰਿਸ਼ਟੀ ਨਾਲ ਮਾਨਤਾ ਪ੍ਰਾਪਤ ਯੂਨੀਵਰਸਿਟੀ ਨਾਲ ਸਹਿਯੋਗ;

(ਚ) ਕਮੇਟੀ ਦੀਆਂ ਇਕੱਤਰਤਾਵਾਂ ਵਿੱਚ ਅਪਣਾਇਆ ਜਾਣ ਵਾਲਾ ਜ਼ਾਬਤਾ;

(ਛ) ਕਮੇਟੀਆਂ ਦੀਆਂ ਇਕੱਤਰਤਾਵਾਂ ਵਿੱਚ ਕੋਰਮ ਬਣਾਉਣ ਲਈ ਲੋੜੀਂਦੇ ਮੈਂਬਰਾਂ ਦੀ ਗਿਣਤੀ;

(ਜ) ਉਹ ਤਰੀਕਾ ਜਿਸ ਵਿੱਚ ਕਮੇਟੀਆਂ ਦੀਆਂ ਇਕੱਤਰਤਾਵਾਂ ਵਿੱਚ ਫ਼ੈਸਲਾ ਲਿਆ ਜਾਵੇਗਾ;

(ਝ) ਕਮੇਟੀ ਦੇ ਮੈਂਬਰਾਂ ਨੂੰ ਇਕੱਤਰਤਾਵਾਂ ਲਈ ਨਿਯਤ ਤਰੀਕਾਂ ਅਤੇ ਉਸ ਦੇ ਏਜੰਡੇ ਬਾਬਤ ਦਿੱਤੇ ਜਾਣ ਵਾਲੇ ਨੋਟਿਸ ਦੀ ਮੁੱਦਤ;

(ਞ) ਕਮੇਟੀਆਂ ਦੀਆਂ ਇਕੱਤਰਤਾਵਾਂ ਦੀਆਂ ਕਾਰਵਾਈ ਰਿਪੋਟਾਂ ਦਾ ਰਿਕਾਰਡ ਕਾਇਮ ਰੱਖਣ ਦਾ ਤਰੀਕਾ;

(ਟ) ਕਮੇਟੀਆਂ ਦੀਆਂ ਇਕੱਤਰਤਾਵਾਂ ਦੀਆਂ ਕਾਰਵਾਈਆਂ ਦੇ ਸੰਚਾਲਨ ਅਤੇ ਉਨ੍ਹਾਂ ਨਾਲ ਮੁਤੱਲਕ ਮਾਮਲਿਆਂ ਸਬੰਧੀ ਕੋਈ ਹੋਰ ਮਾਮਲਾ;

(ਠ) ਕੋਈ ਹੋਰ ਮਾਮਲਾ ਜੋ ਉਪਰੋਕਤ ਮਾਮਲਿਆਂ ਵਿੱਚੋਂ ਕਿਸੇ ਦੇ ਵੀ ਨਾਲ ਸਬੰਧਤ ਜਾਂ ਅਨੁਸੰਗਕ ਹੋਵੇ; ਅਤੇ

(ਡ) ਕੋਈ ਮਾਮਲਾ ਜੋ ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਵਿਨਿਯਮਾਂ ਵਿੱਚ ਅਧਿ-ਕਥਿਤ ਕੀਤਾ ਜਾਣਾ ਲੋੜੀਂਦਾ ਹੈ।

40. ਇਸ ਐਕਟ ਵਿੱਚ ਹੋਰਵੇਂ ਉਪਬੰਧਤ ਨੂੰ ਛੱਡ ਕੇ, ਸੰਬੱਧਤਾ, ਦਾਖਲਾ, ਪਰਵਾਸ, ਪਾਠਕ੍ਰਮ, ਅਮਲਾ, ਪ੍ਰੀਖਿਆ ਜਾਂ ਕੋਈ ਹੋਰ ਮਾਮਲੇ ਦੇ ਬਾਬਤ ਕੋਈ ਨਿਰਸਨ ਅਤੇ ਬਚਾਉ।

ਨਿਯਮ ਜਾਂ ਵਿਨਿਯਮ, ਜੋ ਇਸ ਐਕਟ ਦੇ ਅਰੰਭ ਹੋਣ ਤੋਂ ਪਹਿਲਾਂ ਲਾਗੂ ਸਨ, ਉਦੋਂ ਤੱਕ ਲਾਗੂ ਰਹਿਣਗੇ ਜਦੋਂ ਤੱਕ ਇਸ ਐਕਟ ਅਧੀਨ ਨਿਯਮ ਜਾਂ ਵਿਨਿਯਮ ਨਹੀਂ ਬਣਾਏ ਜਾਂਦੇ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

**ਡਿਸਕਲੇਮਰ:-** ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

*3800/8-2026/Pb. Govt. Press, S.A.S. Nagar*

ਭਾਗ–I

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 14 ਅਗਸਤ, 2026

ਨੰ.61/ਭ:ਕ/2026.- ਗੁਰੂ ਅੰਗਦ ਦੇਵ ਸਲੋਤਰੀ ਅਤੇ ਪਸ਼ੂ ਵਿਗਿਆਨ ਯੂਨੀਵਰਸਿਟੀ ਐਕਟ, 2005 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 14th August, 2026

**No.61/L.C./2026.-** The Translation in Punjabi of the Guru Angad Dev Veterinary and Animal Sciences University Act, 2005 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਗੁਰੂ ਅੰਗਦ ਦੇਵ ਸਲੋਤਰੀ ਅਤੇ ਪਸ਼ੂ ਵਿਗਿਆਨ ਯੂਨੀਵਰਸਿਟੀ ਐਕਟ, 2005

(2005 ਦਾ ਪੰਜਾਬ ਐਕਟ ਨੰ. 16)

ਸਲੋਤਰੀ, ਪਸ਼ੂ ਅਤੇ ਮੱਛੀ ਪਾਲਣ ਵਿਗਿਆਨ ਦੀ ਆਧੁਨਿਕ ਪ੍ਰਣਾਲੀਆਂ ਵਿੱਚ ਉਚਿਤ ਅਤੇ ਵਿਵਸਥਿਤ ਸਿਖਿਆ-ਦੀਖਿਆ, ਸਿਖਲਾਈ, ਖੋਜ ਅਤੇ ਵਿਸਤਾਰ ਨੂੰ ਯਕੀਨੀ ਬਣਾਉਣ ਅਤੇ ਸੰਬੱਧਤਾਂ ਦੇਣ ਅਤੇ ਅਧਿਆਪਨ ਦੇ ਪ੍ਰਯੋਜਨਾਂ ਲਈ ਪੰਜਾਬ ਰਾਜ ਵਿੱਚ ਗੁਰੂ ਅੰਗਦ ਦੇਵ ਸਲੋਤਰੀ ਅਤੇ ਪਸ਼ੂ ਵਿਗਿਆਨ ਯੂਨੀਵਰਸਿਟੀ ਵਜੋਂ ਜਾਣੀ ਜਾਂਦੀ ਯੂਨੀਵਰਸਿਟੀ ਸਥਾਪਤ ਅਤੇ ਨਿਗਮਤ ਕਰਨ ਲਈ ਅਤੇ ਉਸ ਨਾਲ ਤੱਲਕ ਰੱਖਦੇ ਜਾਂ ਉਸ ਦੇ ਅਨੁਸੰਗਕ ਮਾਮਲਿਆਂ ਲਈ ਇਕ ਐਕਟ।

ਭਾਰਤ ਗਣਰਾਜ ਦੇ ਛਪੰਜਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਅਧਿਆਏ – I

ਪ੍ਰਾਰੰਭਕ

ਸੰਖੇਪ ਨਾਂ ਅਤੇ ਅਰੰਭ ।

1. (1) ਇਸ ਐਕਟ ਨੂੰ ਗੁਰੂ ਅੰਗਦ ਦੇਵ ਸਲੋਤਰੀ ਅਤੇ ਪਸ਼ੂ ਵਿਗਿਆਨ ਯੂਨੀਵਰਸਿਟੀ ਐਕਟ, 2005 ਕਿਹਾ ਜਾ ਸਕੇਗਾ।

(2) ਇਹ ਅਜਿਹੀ ਤਰੀਕ ਨੂੰ ਨਾਫ਼ਜ ਹੋਵੇਗਾ, ਜੋ ਰਾਜ ਸਰਕਾਰ. ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਨਮਿੱਤ ਨਿਯਤ ਕਰੇ।

ਪਰਿਭਾਸ਼ਾਵਾਂ ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) "ਅਕਾਦਮਿਕ ਪਰਿਸ਼ਦ" ਦਾ ਮਤਲਬ ਹੈ ਯੂਨੀਵਰਸਿਟੀ ਦੀ ਅਕਾਦਮਿਕ ਪਰਿਸ਼ਦ;

(ਅ) "ਸੰਬੱਧਤ ਕਾਲਜ" ਦਾ ਮਤਲਬ ਹੈ ਯੂਨੀਵਰਸਿਟੀ ਨਾਲ ਸੰਬੱਧਤ ਇਕ ਕਾਲਜ ਜਾਂ ਇਕ ਸੰਸਥਾ;

(ੲ) "ਪਸ਼ੂ" ਦਾ ਮਤਲਬ ਹੈ ਪਸ਼ੂ-ਧਨ ਅਤੇ ਹੋਰ ਸਾਰੇ ਪਾਲਤੂ ਪਸ਼ੂ, ਜੰਗਲੀ ਪਸ਼ੂ ਅਤੇ ਇਸ ਵਿੱਚ ਮੱਛੀ, ਪੰਛੀ, ਰੀਂਗਣ ਵਾਲੇ ਜੀਵ ਅਤੇ ਹੋਰ ਸਾਰੇ ਜੀਵਤ ਪਸ਼ੂ ਸ਼ਾਮਲ ਹੋਣਗੇ;

(ਸ) "ਪਸ਼ੂ ਵਿਗਿਆਨ" ਦਾ ਮਤਲਬ ਹੈ ਪ੍ਰਜਨਨ, ਪਸ਼ੂ-ਧਨ ਉਤਪਾਦਨ ਅਤੇ ਪ੍ਰਬੰਧਨ, ਪਸ਼ੂਆਂ ਦੀ ਅਹਾਰਪੁਸ਼ਟੀ. ਪਸ਼ੂ-ਧਨ ਉਤਪਾਦ ਅਤੇ ਫੀਡ ਤਕਨਾਲੋਜੀ;

(ਹ) "ਬੋਰਡ" ਦਾ ਮਤਲਬ ਹੈ ਧਾਰਾ 11 ਅਧੀਨ ਗਠਿਤ ਯੂਨੀਵਰਸਿਟੀ ਦਾ ਪ੍ਰਬੰਧਨ ਬੋਰਡ;

(ਕ) "ਚਾਂਸਲਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਚਾਂਸਲਰ;

(ਖ) "ਕਾਲਜ" ਦਾ ਮਤਲਬ ਹੈ ਲੁਧਿਆਣਾ ਵਿਖੇ ਸਲੋਤਰੀ ਮੈਡੀਸਨ ਕਾਲਜ ਜਾਂ ਕੋਈ ਵੀ ਅਜਿਹਾ ਕਾਲਜ, ਜੋ ਯੂਨੀਵਰਸਿਟੀ ਦੁਆਰਾ ਸਥਾਪਿਤ ਅਤੇ ਕਾਇਮ ਰੱਖਿਆ ਜਾ ਸਕਦਾ ਹੈ;

(ਗ) "ਡੀਨ" ਦਾ ਮਤਲਬ ਹੈ ਕਾਲਜ ਦਾ ਡੀਨ;

(ਘ) "ਸਿੱਖਿਆ ਵਿਸਤਾਰ" ਦਾ ਮਤਲਬ ਹੈ ਡੰਗਰ ਡਾਕਟਰਾਂ, ਅਰਧ ਸਲੋਤਰੀ ਸਟਾਫ਼, ਪਸ਼ੂ ਧਨ ਕਿਸਾਨਾਂ, ਘਰੇਲੂ ਨਿਰਮਾਤਾਵਾਂ ਅਤੇ ਪਸ਼ੂ ਸਿਹਤ ਜਾਂ ਭਲਾਈ ਜਾਂ ਸੁਧਰੇ ਹੋਏ ਪਸ਼ੂ ਪਾਲਣ ਆਚਾਰਾਂ ਅਤੇ ਪਸ਼ੂ ਉਤਪਾਦਨ ਅਤੇ ਮੰਡੀਕਰਨ ਨਾਲ ਸਬੰਧਤ ਵਿਗਿਆਨਕ ਤਕਨਾਲੋਜੀ ਦੇ ਵੱਖ-ਵੱਖ ਪੜਾਵਾਂ ਨਾਲ ਸਬੰਧਤ ਹੋਰ ਸਮੂਹਾਂ ਦੀ ਸਿਖਲਾਈ ਨਾਲ ਸਬੰਧਤ ਸਿੱਖਿਆ ਸਰਗਰਮੀਆਂ ਅਤੇ ਇਸ ਵਿੱਚ ਪਸ਼ੂ ਪਾਲਣ ਅਤੇ ਮੱਛੀ ਪਾਲਣ ਵਿਭਾਗ ਦੁਆਰਾ ਪਸ਼ੂ-ਧਨ ਫਾਰਮਾਂ ਅਤੇ ਫਾਰਮ ਘਰਾਂ

ਤੱਕ ਨਵੀਂ ਤਕਨਾਲੋਜੀ ਅਤੇ ਨਵੀਨਤਾ ਨੂੰ ਲਿਜਾਣ ਲਈ ਵਿਖਾਵਾ ਸ਼ਾਮਲ ਹੈ;

(ਙ) "ਫੈਕਲਟੀ" ਦਾ ਮਤਲਬ ਹੈ ਯੂਨੀਵਰਸਿਟੀ ਦੀ ਫੈਕਲਟੀ;

(ਚ) "ਮੱਛੀ ਪਾਲਣ" ਦਾ ਮਤਲਬ ਹੈ ਜੀਵ ਵਿਗਿਆਨ, ਵਪਾਰਕ ਦੁਰਵਰਤੋਂ ਅਤੇ ਜਲ-ਜੀਵਨ ਦੇ ਪਰਿਰੱਖਣ ਦੇ ਨਾਲ-ਨਾਲ ਇਸਦੇ ਆਲੇ-ਦੁਆਲੇ ਸਮੇਤ ਉਸ ਦੇ ਆਲੇ-ਦੁਆਲੇ ਦੇ ਸੰਘਟਕਾਂ ਨੂੰ ਸਮਝਣ ਦੀ ਕਲਾ ਅਤੇ ਵਿਗਿਆਨ ;

(ਛ) "ਹੋਸਟਲ" ਦਾ ਮਤਲਬ ਹੈ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਰਿਹਾਇਸ਼ ਦੀ ਇੱਕ ਇਕਾਈ ਜੋ ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਯੂਨੀਵਰਸਿਟੀ ਦੁਆਰਾ ਕਾਇਮ ਰੱਖੀ ਜਾਂਦੀ ਜਾਂ ਮਾਨਤਾ ਪ੍ਰਾਪਤ ਹੈ;

(ਜ) "ਲਾਇਬ੍ਰੇਰੀ" ਦਾ ਮਤਲਬ ਹੈ ਯੂਨੀਵਰਸਿਟੀ ਦੁਆਰਾ ਸਥਾਪਿਤ ਜਾਂ ਕਾਇਮ ਰੱਖੀ ਜਾਂਦੀ ਲਾਇਬ੍ਰੇਰੀ;

(ਝ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਪ੍ਰਵਿਧਾਨਾਂ ਜਾਂ ਵਿਨਿਯਮਾਂ ਦੁਆਰਾ ਮੁਕੱਰਰ;

(ਞ) "ਰਜਿਸਟਰਾਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਰਜਿਸਟਰਾਰ;

(ਟ) "ਧਾਰਾ" ਦਾ ਮਤਲਬ ਹੈ ਇਸ ਐਕਟ ਦਾ ਧਾਰਾ;

(ਠ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(ਡ) "ਪ੍ਰਵਿਧਾਨਾਂ" ਅਤੇ "ਵਿਨਿਯਮਾਂ" ਦਾ ਮਤਲਬ ਹੈ, ਕ੍ਰਮਵਾਰ, ਇਸ ਐਕਟ ਅਧੀਨ ਬਣਾਏ ਗਏ ਯੂਨੀਵਰਸਿਟੀ ਦੇ ਪ੍ਰਵਿਧਾਨ ਅਤੇ ਵਿਨਿਯਮ;

(ਢ) "ਯੂਨੀਵਰਸਿਟੀ" ਦਾ ਮਤਲਬ ਹੈ ਧਾਰਾ 3 ਅਧੀਨ ਸਥਾਪਿਤ ਗੁਰੂ ਅੰਗਦ ਦੇਵ ਸਲੋਤਰੀ ਅਤੇ ਪਸ਼ੂ ਵਿਗਿਆਨ ਯੂਨੀਵਰਸਿਟੀ;

(ਢ਼) "ਯੂਨੀਵਰਸਿਟੀ ਖੇਤਰ" ਦਾ ਮਤਲਬ ਹੈ ਯੂਨੀਵਰਸਿਟੀ ਦੀ ਅਧਿਕਾਰਤਾ ਅਧੀਨ ਆਉਣ ਵਾਲਾ ਖੇਤਰ;

(ਤ) "ਯੂਨੀਵਰਸਿਟੀ ਕੈਂਪਸ" ਦਾ ਮਤਲਬ ਹੈ ਯੂਨੀਵਰਸਿਟੀ ਦੇ ਮੁੱਖ ਦਫ਼ਤਰ ਜਾਂ ਅਜਿਹੇ ਹੋਰ ਕਾਲਜਾਂ ਅਤੇ ਸੰਸਥਾਵਾਂ ਦੀਆਂ ਸਥਾਨਕ ਸੀਮਾਵਾਂ ਦੇ ਅੰਦਰ ਸ਼ਾਮਲ ਖੇਤਰ, ਜਿਵੇਂ ਸਮੇਂ-ਸਮੇਂ ਤੇ, ਰਾਜ ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ ਯੂਨੀਵਰਸਿਟੀ ਦੁਆਰਾ ਅਜਿਹੇ ਤੌਰ ਤੇ ਐਲਾਨਿਆ ਜਾਵੇ;

(ਥ) "ਸਲੋਤਰੀ" ਦਾ ਮਤਲਬ ਹੈ ਸਲੋਤਰੀ ਸਰਜਰੀ ਅਤੇ ਦਵਾਈ ਦੀ ਕਲਾ ਅਤੇ ਵਿਗਿਆਨ ਅਤੇ ਇਸ ਵਿੱਚ ਹੇਠ-ਲਿਖੇ ਸ਼ਾਮਲ ਹਨ:-

(i) ਪਸ਼ੂਆਂ ਵਿੱਚ ਬਿਮਾਰੀਆਂ ਅਤੇ ਸੱਟਾਂ ਦਾ ਰੋਗ-ਨਿਦਾਨ;

(ii) ਅਜਿਹੇ ਰੋਗ ਨਿਦਾਨ ਦੇ ਆਧਾਰ ਤੇ ਸਲਾਹ ਦੇਣੀ;

(iii) ਪਸ਼ੂਆਂ ਦਾ ਡਾਕਟਰੀ ਜਾਂ ਸਰਜੀਕਲ ਇਲਾਜ;

(iv) ਪਸ਼ੂ-ਧਨ ਦੀਆਂ ਬਿਮਾਰੀਆਂ ਦੀ ਰੋਕਥਾਮ ਅਤੇ ਨਿਯੰਤਰਣ ਲਈ ਚੁੱਕੇ ਗਏ ਉਪਾਅ; ਅਤੇ

(v) ਪਸ਼ੂਆਂ ਤੋਂ ਮਨੁੱਖਾਂ ਵਿੱਚ ਫੈਲਣ ਵਾਲੀਆਂ ਬਿਮਾਰੀਆਂ ਅਤੇ ਮਹਾਂਮਾਰੀ ਵਿਗਿਆਨ।

(ਦ) "ਵਾਈਸ-ਚਾਂਸਲਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਵਾਈਸ-ਚਾਂਸਲਰ।

ਅਧਿਆਇ-II

ਯੂਨੀਵਰਸਿਟੀ ਦੀ ਸਥਾਪਨਾ

ਯੂਨੀਵਰਸਿਟੀ ਦੀ ਸਥਾਪਨਾ ।

3. (1) "ਗੁਰੂ ਅੰਗਦ ਦੇਵ ਸਲੋਤਰੀ ਅਤੇ ਪਸ਼ੂ ਵਿਗਿਆਨ ਯੂਨੀਵਰਸਿਟੀ" ਦੇ ਨਾਂ ਨਾਲ ਇੱਕ ਯੂਨੀਵਰਸਿਟੀ ਸਥਾਪਿਤ ਕੀਤੀ ਜਾਵੇਗੀ ਜਿਸਦੀ ਅਧਿਕਾਰਤਾ ਪੂਰੇ ਪੰਜਾਬ ਰਾਜ ਵਿੱਚ ਹੋਵੇਗੀ।

(2) ਯੂਨੀਵਰਸਿਟੀ ਉਪ-ਧਾਰਾ (1) ਵਿੱਚ ਉਲਿਖਤ ਨਾਂ ਨਾਲ ਇੱਕ ਨਿਗਮਤ ਬੌਡੀ ਹੋਵੇਗੀ ਅਤੇ ਇਸਦਾ ਸਦੀਵੀ ਉਤਰਾਧਿਕਾਰ ਅਤੇ ਇਸਦੀ ਇੱਕ ਸਾਂਝੀ ਮੁਹਰ ਹੋਵੇਗੀ। ਇਸ ਕੋਲ ਚੁੱਕਵੀਂ ਅਤੇ ਅਚੁੱਕਵੀਂ ਦੋਵੇਂ ਤਰ੍ਹਾਂ ਦੀ ਸੰਪੱਤੀ ਨੂੰ ਅਰਜਤ ਕਰਨ, ਧਾਰਨ ਕਰਨ ਅਤੇ ਉਸਦਾ ਨਿਬੇੜਾ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(3) ਯੂਨੀਵਰਸਿਟੀ ਦਾ ਮੁੱਖ ਦਫ਼ਤਰ ਲੁਧਿਆਣਾ ਵਿਖੇ ਜਾਂ ਅਜਿਹੀ ਥਾਂ ਤੇ ਹੋਵੇਗਾ, ਜੋ ਰਾਜ ਸਰਕਾਰ ਦੁਆਰਾ ਸਮੇਂ-ਸਮੇਂ ਤੇ ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਉਲਿਖਤ ਕੀਤੀ ਜਾਵੇ।

(4) ਯੂਨੀਵਰਸਿਟੀ, ਰਾਜ ਸਰਕਾਰ ਦੀ ਪੂਰਵ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ, ਕਿਸੇ ਵੀ ਅਚੁੱਕਵੀਂ ਸੰਪੱਤੀ ਨੂੰ, ਜੋ ਇਸ ਵਿੱਚ ਨਿਹਿਤ ਹੈ ਜਾਂ ਇਸ ਦੁਆਰਾ ਅਰਜਤ ਕੀਤੀ ਗਈ ਹੈ, ਪਟੇ 'ਤੇ ਨਹੀਂ ਦੇਵੇਗੀ, ਵੇਚੇਗੀ ਨਹੀਂ ਜਾਂ ਕਿਸੇ ਹੋਰ ਤਰ੍ਹਾਂ ਮੁੰਤਕਿਲ ਨਹੀਂ ਕਰੇਗੀ।

ਯੂਨੀਵਰਸਿਟੀ ਦੁਆਰਾ ਨਵੇਂ ਕਾਲਜਾਂ ਦੀ ਸਥਾਪਨਾਂ ਅਤੇ ਸੰਸਥਾਂਵਾਂ ਨੂੰ ਮਾਨਤਾ।

4. ਯੂਨੀਵਰਸਿਟੀ ਦੀ ਸਥਾਪਨਾ ਦੀ ਤਰੀਕ ਨੂੰ ਅਤੇ ਤੋਂ, ਪੰਜਾਬ ਰਾਜ ਵਿੱਚ ਸਲੋਤਰੀ, ਪਸ਼ੂ ਅਤੇ ਮੱਛੀ ਪਾਲਣ ਵਿਗਿਆਨ ਵਿੱਚ ਸਿੱਖਿਆ ਦੇਣ ਵਾਲਾ ਕੋਈ ਵੀ ਨਵਾਂ ਕਾਲਜ, ਸਿਵਾਏ ਯੂਨੀਵਰਸਿਟੀ ਦੇ ਇੱਕ ਸੰਘਟਕ ਜਾਂ ਸੰਬੱਧਤ ਕਾਲਜ ਦੇ, ਸਥਾਪਤ ਨਹੀਂ ਕੀਤਾ ਜਾਵੇਗਾ।

ਯੂਨੀਵਰਸਿਟੀ ਦੇ ਉਦੇਸ਼

5. ਯੂਨੀਵਰਸਿਟੀ ਦੇ ਹੇਠ-ਲਿਖੇ ਉਦੇਸ਼ ਹੋਣਗੇ, ਅਰਥਾਤ:-

(ੳ) ਸਲੋਤਰੀ, ਪਸ਼ੂ ਅਤੇ ਮੱਛੀ ਪਾਲਣ ਵਿਗਿਆਨ ਦੀਆਂ ਵੱਖ-ਵੱਖ ਸ਼ਾਖਾਵਾਂ ਵਿੱਚ ਸਿੱਖਿਆ ਪ੍ਰਦਾਨ ਕਰਨਾ ਜਿਵੇਂ ਯੂਨੀਵਰਸਿਟੀ ਸਮੇਂ-ਸਮੇਂ ਤੇ ਨਿਰਧਾਰਤ ਕਰੇ;

(ਅ) ਸਲੋਤਰੀ, ਪਸ਼ੂ ਅਤੇ ਮੱਛੀ ਪਾਲਣ ਵਿਗਿਆਨ ਅਤੇ ਹੋਰ ਸਹਾਇਕ ਵਿਗਿਆਨਾਂ ਵਿੱਚ ਸਿੱਖਿਆ ਅਤੇ ਖੋਜ ਨੂੰ ਹੋਰ ਅੱਗੇ ਵਧਾਉਣਾ ਅਤੇ ਲੋੜਵੰਦ ਲੋਕਾਂ ਤੱਕ ਅਜਿਹੇ ਵਿਸ਼ੇਸ਼ ਗਿਆਨ ਦਾ ਵਿਸਤਾਰ ਕਰਨਾ;

(ੲ) ਪਸ਼ੂ-ਧਨ ਅਤੇ ਪਸ਼ੂ-ਧਨ ਉਤਪਾਦਾਂ ਦੀਆਂ ਮੰਡੀਕਰਨ ਰਣਨੀਤੀਆਂ, ਅਤੇ ਪਸ਼ੂ-ਧਨ ਨਸਲਕਸ਼ੀ ਅਤੇ ਜੰਗਲੀ ਪਸ਼ੂਆਂ ਦੇ ਪਰਿਰੱਖਣ ਬਾਰੇ ਅਧਿਐਨ ਕਰਨਾ;

(ਸ) ਨਵੀਨਤਮ ਤਕਨਾਲੋਜੀ ਦੀ ਜਾਣਕਾਰੀ ਰੱਖਣ ਦੇ ਉਦੇਸ਼ ਨਾਲ, ਰਾਜ ਸਰਕਾਰ ਅਤੇ ਸੰਘ ਸਰਕਾਰ ਦੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਨੂੰ ਸ਼ਾਸਤ ਕਰਨ ਵਾਲੇ ਸਬੰਧਤ ਵਿਭਾਗਾਂ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੋਜ ਸੰਸਥਾਵਾਂ, ਜੋ ਕਿ ਸਲੋਤਰੀ, ਪਸ਼ੂ ਅਤੇ ਮੱਛੀ ਪਾਲਣ ਵਿਗਿਆਨ ਦੇ ਖੇਤਰ ਵਿੱਚ ਮਾਹਰ ਹਨ, ਨਾਲ ਤਾਲਮੇਲ ਅਤੇ ਅਤਿ-ਅਵੱਸ਼ਕ ਸਬੰਧ ਸਥਾਪਤ ਕਰਨਾ;

(ਹ) ਸਲੋਤਰੀ ਅਧਿਐਨ ਦੇ ਪੱਧਰ ਨੂੰ ਅੰਤਰਰਾਸ਼ਟਰੀ ਮਿਆਰਾਂ ਤੱਕ ਉੱਚਾ ਚੁੱਕਣਾ; ਅਤੇ

(ਕ) ਅਜਿਹੇ ਹੋਰ ਉਦੇਸ਼, ਜਿਵੇਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਸਮੇਂ-ਸਮੇਂ ਤੇ ਉਲਿਖਤ ਕਰੇ।

ਯੂਨੀਵਰਸਿਟੀ ਦੀਆਂ ਸ਼ਕਤੀਆਂ ਅਤੇ ਕਾਜਕਾਰ ।

6. ਯੂਨੀਵਰਸਿਟੀ ਹੇਠ-ਲਿਖੇ ਕਾਜਕਾਰ ਨਿਭਾਏਗੀ, ਅਰਥਾਤ:-

(ੳ) ਸਲੋਤਰੀ, ਪਸ਼ੂ ਅਤੇ ਮੱਛੀ ਪਾਲਣ ਵਿਗਿਆਨ ਵਿੱਚ ਸਿੱਖਿਆ-ਦੀਖਿਆ, ਸਿਖਲਾਈ ਅਤੇ ਖੋਜ ਦਾ ਪ੍ਰਬੰਧ ਕਰਨਾ;

(ਅ) ਵਿਸਤਾਰ ਸਿੱਖਿਆ ਰਾਹੀਂ ਖੋਜ ਦੇ ਨਤੀਜਿਆਂ ਅਤੇ ਤਕਨੀਕੀ ਜਾਣਕਾਰੀ ਦੇ ਪ੍ਰਸਾਰ ਲਈ ਉਪਬੰਧ ਕਰਨਾ;

(ੲ) ਸਲੋਤਰੀ, ਪਸ਼ੂ ਅਤੇ ਮੱਛੀ ਪਾਲਣ ਵਿਗਿਆਨ ਵਿੱਚ ਡਿਗਰੀਆਂ, ਡਿਪਲੋਮੇ ਅਤੇ ਹੋਰ ਅਕਾਦਮਿਕ ਡਿਗਰੀਆਂ ਸੰਸਥਤ ਕਰਨਾ;

(ਸ) ਪ੍ਰੀਖਿਆਵਾਂ ਕਰਵਾਉਣਾ ਅਤੇ ਉਨ੍ਹਾਂ ਵਿਅਕਤੀਆਂ ਨੂੰ ਡਿਗਰੀਆਂ, ਡਿਪਲੋਮੇ ਅਤੇ ਹੋਰ ਅਕਾਦਮਿਕ ਉਪਾਧੀਆਂ ਪ੍ਰਦਾਨ ਕਰਨਾ, ਜਿਨ੍ਹਾਂ ਨੇ-

(i) ਅਧਿਐਨ ਦਾ ਇੱਕ ਖਾਸ ਕੋਰਸ ਪੂਰਾ ਕਰ ਲਿਆ ਹੈ; ਜਾਂ

(ii) ਯੂਨੀਵਰਸਿਟੀ ਵਿੱਚ ਮੁਕੱਰਰ ਨਿਬੰਧਨਾਂ ਅਤੇ ਸ਼ਰਤਾਂ ਅਧੀਨ ਖੋਜ ਕੀਤੀ ਹੋਵੇ;

(ਹ) ਮੁਕੱਰਰ ਕੀਤੇ ਤਰੀਕੇ ਅਤੇ ਸ਼ਰਤਾਂ ਅਧੀਨ ਮਾਨ-ਅਰਥ ਡਿਗਰੀਆਂ ਜਾਂ ਹੋਰ ਉਪਾਧੀਆਂ ਪ੍ਰਦਾਨ ਕਰਨਾ;

(ਕ) ਖੇਤ ਕਾਮਿਆਂ, ਪਸ਼ੂ-ਧਨ ਕਿਸਾਨਾਂ ਅਤੇ ਹੋਰ ਵਿਅਕਤੀਆਂ ਲਈ ਭਾਸ਼ਣ ਅਤੇ ਸਿੱਖਿਆ-ਦੀਖਿਆ ਦਾ ਪ੍ਰਬੰਧ ਕਰਨਾ, ਜੋ ਯੂਨੀਵਰਸਿਟੀ ਦੇ ਨਿਯਮਤ ਵਿਦਿਆਰਥੀਆਂ ਵਜੋਂ ਦਰਜ ਨਹੀਂ ਹਨ ਅਤੇ ਜੇ ਜ਼ਰੂਰੀ ਹੋਵੇ ਤਾਂ ਉਨ੍ਹਾਂ ਨੂੰ ਸਰਟੀਫਿਕੇਟ ਜਾਰੀ ਕਰਨਾ;

(ਖ) ਹੋਰ ਯੂਨੀਵਰਸਿਟੀਆਂ, ਸੰਸਥਾਵਾਂ, ਸੰਗਠਨਾਂ ਅਤੇ ਹੋਰ ਅਥਾਰਟੀਆਂ ਨਾਲ ਅਜਿਹੇ ਤਰੀਕੇ ਨਾਲ ਅਤੇ ਅਜਿਹੇ ਪ੍ਰਯੋਜਨਾਂ ਲਈ ਸਹਿਯੋਗ ਕਰਨਾ, ਜਿਵੇਂ ਨਿਰਧਾਰਤ ਕੀਤਾ ਜਾਵੇ;

(ਗ) ਸਲੋਤਰੀ, ਪਸ਼ੂ ਅਤੇ ਮੱਛੀ ਪਾਲਣ ਵਿਗਿਆਨ ਨਾਲ ਸਬੰਧਤ ਕਾਲਜਾਂ ਅਤੇ ਸੰਸਥਾਵਾਂ ਸਥਾਪਤ ਕਰਨਾ ਅਤੇ ਕਾਇਮ ਰੱਖਣਾ;

(ਘ) ਕਾਲਜਾਂ ਜਾਂ ਸੰਸਥਾਵਾਂ ਨੂੰ ਯੂਨੀਵਰਸਿਟੀ ਨਾਲ ਸੰਬੱਧਤ ਕਰਨਾ ਅਤੇ ਉਨ੍ਹਾਂ ਤੋਂ ਸੰਬੱਧਤਾ ਵਾਪਸ ਲੈਣਾ;

(ਙ) ਅਧਿਆਪਨ, ਖੋਜ ਅਤੇ ਵਿਸਤਾਰ ਸਿੱਖਿਆ ਲਈ ਪ੍ਰਯੋਗਸ਼ਾਲਾਵਾਂ, ਲਾਇਬ੍ਰੇਰੀਆਂ, ਖੋਜ ਸਟੇਸ਼ਨਾਂ, ਪ੍ਰੋਸੈਸਿੰਗ ਪਲਾਂਟਾਂ ਅਤੇ ਅਜਾਇਬ ਘਰ ਸਥਾਪਤ ਕਰਨੇ ਅਤੇ ਕਾਇਮ ਰੱਖਣੇ;

(ਚ) ਯੂਨੀਵਰਸਿਟੀ ਵਿੱਚ ਪ੍ਰੋਫੈਸਰਸ਼ਿਪਾਂ, ਐਸੋਸੀਏਟ ਪ੍ਰੋਫੈਸਰਸ਼ਿਪਾਂ, ਸਹਾਇਕ ਪ੍ਰੋਫੈਸਰਸ਼ਿਪਾਂ, ਅਧਿਆਪਕਸ਼ਿਪਾਂ ਅਤੇ ਹੋਰ ਅਧਿਆਪਨ ਖੋਜ ਅਤੇ ਵਿਸਤਾਰ ਅਸਾਮੀਆਂ ਸੰਸਥਤ ਕਰਨਾ, ਮੁਅੱਤਲ ਕਰਨਾ ਜਾਂ ਖਤਮ ਕਰਨਾ ਅਤੇ ਉਨ੍ਹਾਂ 'ਤੇ ਢੁਕਵੀਆਂ ਨਿਯੁਕਤੀਆਂ ਕਰਨਾ;

(ਛ) ਪ੍ਰਸ਼ਾਸਕੀ ਅਤੇ ਹੋਰ ਅਸਾਮੀਆਂ ਸਿਰਜਣਾ, ਮੁਅੱਤਲ ਕਰਨਾ ਜਾਂ ਖਤਮ ਕਰਨਾ ਅਤੇ ਅਜਿਹੇ ਅਹੁਦਿਆਂ 'ਤੇ ਵਿਅਕਤੀਆਂ ਨੂੰ ਨਿਯੁਕਤ ਕਰਨਾ;

(ਜ) ਪ੍ਰਵਿਧਾਨਾਂ ਦੀ ਅਨੁਸਾਰਤਾ ਵਿੱਚ ਫੈਲੋ-ਵਜ਼ੀਫੇ, ਵਜ਼ੀਫੇ, ਵਿਦਿਆਰਥੀ ਵਜ਼ੀਫੇ, ਵਜ਼ੀਫੇ, ਵਿਦਿਆਰਥੀ-ਸਹਾਇਤਾ ਵਜ਼ੀਫੇ, ਮੈਡਲਾਂ ਅਤੇ ਇਨਾਮਾਂ ਨੂੰ ਸੰਸਥਤ ਕਰਨਾ ਜਾਂ ਖਤਮ ਕਰਨਾ ਜਾਂ ਮੁਅੱਤਲ ਕਰਨਾ

ਅਤੇ ਸਲੋਤਰੀ, ਪਸ਼ੂ ਅਤੇ ਮੱਛੀ ਪਾਲਣ ਵਿਗਿਆਨ ਵਿੱਚ ਖੋਜ ਸੰਬੰਧੀ ਗੁਣ ਅਤੇ ਖੋਜ ਦੇ ਕੰਮਾਂ ਦੇ ਪ੍ਰਕਾਸ਼ਨ ਦਾ ਜ਼ਿੰਮਾ ਲੈਣਾ;

(ਝ) ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਹੋਸਟਲ ਸਥਾਪਤ ਕਰਨਾ ਅਤੇ ਉਹਨਾਂ ਨੂੰ ਕਾਇਮ ਰੱਖਣਾ;

(ਞ) ਯੂਨੀਵਰਸਿਟੀ ਦੇ ਕਰਮਚਾਰੀਆਂ ਲਈ ਰਿਹਾਇਸ਼ੀ ਰਿਹਾਇਸ਼ ਸਥਾਪਤ ਕਰਨਾ ਅਤੇ ਉਨ੍ਹਾਂ ਨੂੰ ਕਾਇਮ ਰੱਖਣਾ;

(ਟ) ਅਜਿਹੀਆਂ ਫੀਸਾਂ ਅਤੇ ਹੋਰ ਖਰਚੇ ਨਿਯਤ ਕਰਨੇ, ਮੰਗਣੇ ਅਤੇ ਪ੍ਰਾਪਤ ਕਰਨੇ, ਜੋ ਮੁਕੱਰਰ ਕੀਤੇ ਜਾਣ;

(ਠ) ਯੂਨੀਵਰਸਿਟੀ ਅਤੇ ਸੰਬੱਧਤ ਕਾਲਜਾਂ ਦੇ ਵਿਦਿਆਰਥੀਆਂ ’ਤੇ ਕੰਟਰੋਲ ਰੱਖਣਾ;

(ਡ) ਯੂਨੀਵਰਸਿਟੀ ਦੀਆਂ ਚੁੱਕਵੀਆਂ ਅਤੇ ਅਚੁੱਕਵੀਆਂ ਸੰਪੱਤੀਆਂ ਦਾ ਪ੍ਰਬੰਧਨ ਅਤੇ ਕੰਟਰੋਲ ਕਰਨਾ;

(ਢ) ਕਿਸੇ ਵੀ ਇੰਡੋਮੈਂਟ, ਦਾਨ ਜਾਂ ਫੰਡ ਨੂੰ ਸਵੀਕਾਰ ਕਰਨਾ, ਧਾਰਨ ਕਰਨਾ ਅਤੇ ਪ੍ਰਬੰਧ ਕਰਨਾ, ਜੋ ਯੂਨੀਵਰਸਿਟੀ ਵਿੱਚ ਗ੍ਰਾਂਟ, ਵਸੀਅਤੀ ਨਿਬੇੜਾ ਜਾਂ ਹੋਰ ਤਰੀਕੇ ਦੁਆਰਾ ਨਿਹਿਤ ਕੀਤਾ ਜਾਵੇ ਅਤੇ ਉਹਨਾਂ ਨੂੰ ਅਜਿਹੇ ਤਰੀਕੇ ਨਾਲ ਨਿਵੇਸ਼ ਕਰਨਾ ਜਿਵੇਂ ਯੂਨੀਵਰਸਿਟੀ ਠੀਕ ਸਮਝੇ;

ਪਰੰਤੂ ਕਿਸੇ ਵਿਦੇਸ਼ੀ ਦੇਸ਼, ਵਿਦੇਸ਼ੀ ਫਾਊਂਡੇਸ਼ਨ ਜਾਂ ਅਜਿਹੇ ਦੇਸ਼ ਜਾਂ ਫਾਊਂਡੇਸ਼ਨ ਦੇ ਕਿਸੇ ਵੀ ਵਿਅਕਤੀ ਤੋਂ ਕੋਈ ਵੀ ਦਾਨ, ਸਿਵਾਏ ਰਾਜ ਸਰਕਾਰ ਦੀ ਪ੍ਰਵਾਨਗੀ ਦੇ, ਯੂਨੀਵਰਸਿਟੀ ਦੁਆਰਾ ਸਵੀਕਾਰ ਨਹੀਂ ਕੀਤਾ ਜਾਵੇਗਾ;

(ਣ) ਭਾਰਤ ਸਰਕਾਰ ਅਤੇ ਰਾਜ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਕਿਸੇ ਸੰਸਥਾ ਜਾਂ ਕਿਸੇ ਹੋਰ ਅਥਾਰਟੀ ਤੋਂ ਗ੍ਰਾਂਟਾਂ ਸਵੀਕਾਰ ਕਰਨਾ;

(ਤ) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਕੇਂਦਰੀ ਸਰਕਾਰ ਜਾਂ ਕਿਸੇ ਹੋਰ ਰਾਜ ਸਰਕਾਰ, ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ ਜਾਂ ਕਿਸੇ ਹੋਰ ਨਿਗਮਤ ਬੌਡੀਆਂ ਤੋਂ, ਅਜਿਹੇ ਪ੍ਰਯੋਜਨਾਂ ਲਈ, ਜੋ ਰਾਜ ਸਰਕਾਰ ਦੁਆਰਾ ਪ੍ਰਵਾਨਤ ਕੀਤੇ ਜਾਣ, ਸਕਿਉਰਟੀ ਦੇ ਨਾਲ ਜਾਂ ਬਿਨਾਂ ਧਨ ਉਧਾਰ ਲੈਣਾ;

(ਥ) ਇੱਕ ਰੁਜ਼ਗਾਰ ਬਿਊਰੋ ਬਣਾਈ ਰੱਖਣਾ; ਅਤੇ

(ਦ) ਅਜਿਹੇ ਸਭ ਕਾਰਜ ਕਰਨੇ ਅਤੇ ਗੱਲਾਂ ਕਰਨਾ, ਭਾਵੇਂ ਉਹ ਉਪਰੋਕਤ ਸ਼ਕਤੀਆਂ ਦੇ ਅਨੁਸੰਗਕ ਹੋਣ ਜਾਂ ਨ, ਜੋ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਦੇ ਮੰਤਵ ਲਈ ਲੋੜੀਂਦੇ ਹੋਣ।

ਕਾਲਜ, ਸੰਸਥਾ ਅਤੇ ਕਰਮਚਾਰੀਆਂ ਦਾ ਯੂਨੀਵਰਸਿਟੀ ਵਿੱਚ ਤਬਾਦਲਾ।

7. ਸਲੋਤਰੀ ਵਿਗਿਆਨ ਕਾਲਜ, ਲੁਧਿਆਣਾ, ਖੋਜ ਸਟੇਸ਼ਨ, ਸਲੋਤਰੀ ਹਸਪਤਾਲ, ਮੱਛੀ ਪਾਲਣ ਅਤੇ ਜੀਵ ਵਿਗਿਆਨ ਵਿਭਾਗ ਵਿੱਚ ਛੋਟੀ ਪਸ਼ੂ ਕਲੋਨੀ ਅਤੇ ਹੋਸਟਲ, ਜੋ ਉਪਰੋਕਤ ਸਲੋਤਰੀ ਕਾਲਜ ਨਾਲ ਜੁੜੇ ਹੋਏ ਹਨ ਅਤੇ ਉਸ ਨਾਲ

ਸਬੰਧਤ ਹੋਰ ਸਾਰੇ ਚੁੱਕਵੇਂ ਅਤੇ ਅਚੁੱਕਵੇਂ ਧਨਧਾਮ, ਦੇਣਦਾਰੀਆਂ ਅਤੇ ਜ਼ਿੰਮੇਵਾਰੀਆਂ, ਯੂਨੀਵਰਸਿਟੀ ਵਿੱਚ ਤਬਦੀਲ ਅਤੇ ਨਿਹਿਤ ਹੋ ਜਾਣਗੇ:

ਪਰੰਤੂ ਜਦੋਂ ਤੱਕ ਯੂਨੀਵਰਸਿਟੀ ਵਿੱਚ ਸਹੂਲਤਾਂ ਮੁਹੱਈਆਂ ਨਹੀਂ ਕੀਤੀਆਂ ਜਾਂਦੀਆਂ, ਸਲੋਤਰੀ ਵਿਗਿਆਨ ਕਾਲਜ, ਲੁਧਿਆਣਾ, ਲਾਇਬ੍ਰੇਰੀ, ਮੈਡੀਕਲ, ਖੇਡ ਦੇ ਮੈਦਾਨਾਂ, ਮਹਿਮਾਨ ਘਰਾਂ, ਆਡੀਟੋਰੀਆ, ਕਲੱਬਾਂ, ਜਨਤਕ ਸਿਹਤ ਸੇਵਾਵਾਂ ਅਤੇ ਕਰਮਚਾਰੀਆਂ ਲਈ ਰਿਹਾਇਸ਼ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਇਸ ਤੋਂ ਬਾਅਦ ਸੰਖੇਪ ਵਿੱਚ 'ਮੌਜੂਦਾ ਯੂਨੀਵਰਸਿਟੀ' ਕਿਹਾ ਜਾਵੇਗਾ) ਕੋਲ ਉਪਲਬਧ ਕਿਸੇ ਵੀ ਹੋਰ ਸਹੂਲਤਾਂ ਨੂੰ ਸਾਂਝਾ ਕਰਨਾ ਜਾਰੀ ਰੱਖੇਗਾ:

ਪਰੰਤੂ ਇਹ ਹੋਰ ਕਿ ਮੌਜੂਦਾ ਯੂਨੀਵਰਸਿਟੀ ਵਿੱਚ ਅਧਿਐਨ ਕਰ ਰਹੇ ਵਰਤਮਾਨ ਵਿਦਿਆਰਥੀਆਂ ਨੂੰ ਕੋਰਸ ਪੂਰੇ ਕਰਨ ਦੀ ਆਗਿਆ ਦਿੱਤੀ ਜਾਵੇਗੀ ਅਤੇ ਮੌਜੂਦਾ ਯੂਨੀਵਰਸਿਟੀ ਉਨ੍ਹਾਂ ਦੀਆਂ ਪ੍ਰੀਖਿਆਵਾਂ ਕਰਵਾਉਣ ਲਈ ਪ੍ਰਬੰਧ ਕਰੇਗੀ:

ਪਰੰਤੂ ਇਹ ਹੋਰ ਕਿ ਜੇਕਰ ਮੌਜੂਦਾ ਯੂਨੀਵਰਸਿਟੀ ਨੇ, ਇਸ ਯੂਨੀਵਰਸਿਟੀ ਦੀ ਸਥਾਪਨਾ ਤੋਂ ਪਹਿਲਾਂ, ਕੋਈ ਪ੍ਰੀਖਿਆ ਕਰਵਾਈ ਹੈ, ਪਰ ਉਸਦੇ ਨਤੀਜੇ ਅਜੇ ਤੱਕ ਘੋਸ਼ਿਤ ਨਹੀਂ ਕੀਤੇ ਗਏ ਹਨ, ਤਾਂ ਅਜਿਹੇ ਮਾਮਲਿਆਂ ਵਿੱਚ, ਮੌਜੂਦਾ ਯੂਨੀਵਰਸਿਟੀ ਨਤੀਜੇ ਐਲਾਨੇਗੀ ਅਤੇ ਉਚਿਤ ਸਮੇਂ 'ਤੇ ਡਿਗਰੀਆਂ ਪ੍ਰਦਾਨ ਕਰੇਗੀ:

ਪਰੰਤੂ ਇਹ ਹੋਰ ਕਿ ਸਲੋਤਰੀ ਵਿਗਿਆਨ ਕਾਲਜ, ਲੁਧਿਆਣਾ, ਖੋਜ ਸਟੇਸ਼ਨਾਂ ਜਾਂ ਉਪਰੋਕਤ ਉਲਿਖਤ ਕੀਤੀਆਂ ਗਈਆਂ ਸੰਸਥਾਵਾਂ ਦੇ ਰੁਜ਼ਗਾਰ ਅਧੀਨ ਵਿਅਕਤੀਆਂ ਨੂੰ, ਯੂਨੀਵਰਸਿਟੀ ਵਿੱਚ ਉਨ੍ਹਾਂ ਹੀ ਸੇਵਾ ਦੇ ਸ਼ਰਤਾਂ ਅਤੇ ਨਿਬੰਧਨਾਂ 'ਤੇ

ਬਦਲਿਆ ਜਾਵੇਗਾ ਜੋ ਉਪਰੋਕਤ ਕਾਲਜ ਅਤੇ ਸੰਸਥਾਵਾਂ ਵਿੱਚ ਉਨ੍ਹਾਂ 'ਤੇ ਲਾਗੂ ਸਨ, ਜਦੋਂ ਤੱਕ ਕਿ ਅਜਿਹੇ ਵਿਅਕਤੀਆਂ ਦੀ ਸਹਿਮਤੀ ਨਾਲ ਅਜਿਹੀਆਂ ਸ਼ਰਤਾਂ ਵਿੱਚ ਬਦਲਾਅ ਨਹੀਂ ਕੀਤਾ ਜਾਂਦਾ:

ਪਰੰਤੂ ਇਹ ਹੋਰ ਕਿ ਕੋਈ ਵਿਅਕਤੀ, ਜੋ ਰਾਜ ਸਰਕਾਰ ਵੱਲੋਂ ਉਕਤ ਕਾਲਜ ਜਾਂ ਸੰਸਥਾ ਵਿੱਚ ਡੈਪੂਟੇਸ਼ਨ 'ਤੇ ਨਿਯੋਜਤ ਹੈ, ਨੂੰ ਰਾਜ ਸਰਕਾਰ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਯੂਨੀਵਰਸਿਟੀ ਵਿੱਚ ਬਦਲਿਆ ਨਹੀਂ ਜਾਵੇਗਾ।

ਨਿਰੀਖਣ।

8. (1) ਚਾਂਸਲਰ, ਅਜਿਹੇ ਵਿਅਕਤੀ ਦੁਆਰਾ, ਜਿਵੇਂ ਉਹ ਨਿਰਦੇਸ਼ ਦੇਵੇ, ਯੂਨੀਵਰਸਿਟੀ, ਇਸਦੀਆਂ ਇਮਾਰਤਾਂ, ਪ੍ਰਯੋਗਸ਼ਾਲਾਵਾਂ, ਅਤੇ ਉਪਕਰਣਾਂ ਅਤੇ ਯੂਨੀਵਰਸਿਟੀ ਦੁਆਰਾ ਰੱਖ-ਰਖਾਅ ਕੀਤੇ ਜਾਂਦੇ ਕਿਸੇ ਵੀ ਸੰਸਥਾਨ ਦਾ ਨਿਰੀਖਣ ਕਰਵਾ ਸਕਦਾ ਹੈ, ਅਤੇ ਯੂਨੀਵਰਸਿਟੀ ਦੇ ਪ੍ਰਸ਼ਾਸਨ ਅਤੇ ਵਿੱਤ ਨਾਲ ਜੁੜੇ ਕਿਸੇ ਵੀ ਮਾਮਲੇ ਬਾਰੇ ਜਾਂਚ ਕਰਵਾ ਸਕਦਾ ਹੈ।

(2) ਚਾਂਸਲਰ, ਹਰੇਕ ਮਾਮਲੇ ਵਿੱਚ, ਯੂਨੀਵਰਸਿਟੀ ਨੂੰ ਨਿਰੀਖਣ ਜਾਂ ਜਾਂਚ-ਪੜਤਾਲ ਕਰਵਾਉਣ ਦੇ ਆਪਣੇ ਇਰਾਦੇ ਦਾ ਨੋਟਿਸ ਦੇਵੇਗਾ, ਅਤੇ, ਅਜਿਹੇ ਨੋਟਿਸ ਦੀ ਪ੍ਰਾਪਤੀ 'ਤੇ, ਯੂਨੀਵਰਸਿਟੀ ਇੱਕ ਪ੍ਰਤੀਨਿਧੀ ਨਿਯੁਕਤ ਕਰਨ ਦੀ ਹੱਕਦਾਰ ਹੋਵੇਗੀ, ਜਿਸਨੂੰ ਅਜਿਹੇ ਨਿਰੀਖਣ ਜਾਂ ਜਾਂਚ-ਪੜਤਾਲ 'ਤੇ ਮੌਜੂਦ ਰਹਿਣ ਅਤੇ ਸੁਣੇ ਜਾਣ ਦਾ ਅਧਿਕਾਰ ਹੋਵੇਗਾ।

(3) ਚਾਂਸਲਰ, ਯੂਨੀਵਰਸਿਟੀ ਦੇ ਬੋਰਡ ਨੂੰ ਅਜਿਹੇ ਨਿਰੀਖਣ ਜਾਂ ਜਾਂਚ-ਪੜਤਾਲ ਦੇ ਨਤੀਜੇ ਦੇ ਹਵਾਲੇ ਵਿੱਚ, ਜਿਹੀ ਕਿ ਸੂਰਤ ਹੋਵੇ, ਅਜਿਹੀ ਸਲਾਹ ਨਾਲ

ਸੰਬੋਧਤ ਕਰ ਸਕੇਗਾ, ਜੋ ਉਹ ਕੀਤੀ ਜਾਣ ਵਾਲੀ ਕਾਰਵਾਈ ਬਾਬਤ ਮੁਨਾਸਬ ਸਮਝੇ।

(4) ਬੋਰਡ ਚਾਂਸਲਰ ਨੂੰ ਉਸ ਕਾਰਵਾਈ ਬਾਰੇ ਸੰਸੂਚਤ ਕਰੇਗਾ, ਜੋ ਉਹ ਅਜਿਹੇ ਨਿਰੀਖਣ ਜਾਂ ਜਾਂਚ-ਪੜਤਾਲ ਦੇ ਨਤੀਜੇ ਵਜੋਂ ਕਰਨ ਦੀ ਤਜਵੀਜ਼ ਰੱਖਦਾ ਹੈ।

(5) ਜੇਕਰ ਬੋਰਡ, ਵਾਜਬ ਸਮੇਂ ਦੇ ਅੰਦਰ, ਕਾਰਵਾਈ ਨਹੀਂ ਕਰਦਾ ਹੈ, ਤਾਂ ਉਹ, ਬੋਰਡ ਦੁਆਰਾ ਦਿੱਤੇ ਗਏ ਕਿਸੇ ਵੀ ਸਪੱਸ਼ਟੀਕਰਨ ਜਾਂ ਪ੍ਰਤੀਬੇਨਤੀ 'ਤੇ ਵਿਚਾਰ ਕਰਨ ਤੋਂ ਪਿੱਛੋਂ, ਅਜਿਹਾ ਨਿਰਦੇਸ਼ ਜਾਰੀ ਕਰ ਸਕੇਗਾ, ਜੋ ਉਹ ਢੁਕਵਾਂ ਸਮਝੇ, ਅਤੇ ਬੋਰਡ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰੇਗਾ।

## ਅਧਿਆਇ-III

## ਯੂਨੀਵਰਸਿਟੀ ਦਾ ਪ੍ਰਬੰਧਨ

9. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਅਥਾਰਟੀਆਂ ਅਤੇ ਅਧਿਕਾਰੀ ਹੋਣਗੇ, ਅਰਥਾਤ:- ਯੂਨੀਵਰਸਿਟੀ ਦੀਆਂ ਅਥਾਰਟੀਆਂ ਅਤੇ ਅਧਿਕਾਰੀ।

(ੳ) ਯੂਨੀਵਰਸਿਟੀ ਦੀਆਂ ਅਥਾਰਟੀਆਂ-

(i) ਬੋਰਡ;

(ii) ਅਕਾਦਮਿਕ ਕੌਂਸਲ;

(iii) ਅਧਿਐਨ ਬੋਰਡ; ਅਤੇ

(iv) ਅਜਿਹੀਆਂ ਹੋਰ ਅਥਾਰਟੀਆਂ, ਜੋ ਵਿਨਿਯਮਾਂ ਦੁਆਰਾ ਯੂਨੀਵਰਸਿਟੀ ਦੀਆਂ ਅਥਾਰਟੀਆਂ ਐਲਾਨੀਆਂ ਜਾਣ।

(ਅ) ਯੂਨੀਵਰਸਿਟੀ ਦੇ ਅਧਿਕਾਰੀ-

(i) ਚਾਂਸਲਰ;

(ii) ਵਾਈਸ-ਚਾਂਸਲਰ;

(iii) ਪੋਸਟ ਗ੍ਰੈਜੂਏਟ ਅਧਿਐਨ ਦਾ ਡੀਨ;

(iv) ਕਾਲਜ ਦਾ ਡੀਨ;

(v) ਖੋਜ ਨਿਰਦੇਸ਼ਕ;

(vi) ਨਿਰਦੇਸ਼ਕ ਪਸਾਰ ਸਿੱਖਿਆ;

(vii) ਡਾਇਰੈਕਟਰ ਵਿਦਿਆਰਥੀ ਭਲਾਈ-ਕਮ-ਸੰਪਦਾ ਅਧਿਕਾਰੀ;

(viii) ਰਜਿਸਟਰਾਰ;

(ix) ਕੰਪਟਰੋਲਰ; ਅਤੇ

(x) ਯੂਨੀਵਰਸਿਟੀ ਦੀ ਸੇਵਾ ਵਿੱਚ ਅਜਿਹੇ ਹੋਰ ਵਿਅਕਤੀ, ਜੋ ਪ੍ਰਵਿਧਾਨਾਂ ਦੁਆਰਾ ਯੂਨੀਵਰਸਿਟੀ ਦੇ ਅਧਿਕਾਰੀ ਐਲਾਨੇ ਜਾਣ।

ਚਾਂਸਲਰ । 10. (1) ਪੰਜਾਬ ਰਾਜ ਦਾ ਰਾਜਪਾਲ ਚਾਂਸਲਰ ਹੋਵੇਗਾ।

(2) ਚਾਂਸਲਰ ਯੂਨੀਵਰਸਿਟੀ ਦਾ ਮੁਖੀ ਹੋਵੇਗਾ ਅਤੇ, ਜਦੋਂ ਹਾਜ਼ਰ ਹੋਵੇ, ਤਾਂ ਉਹ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(3) ਚਾਂਸਲਰ ਕੋਲ ਅਜਿਹੀਆਂ ਹੋਰ ਸ਼ਕਤੀਆਂ ਹੋਣਗੀਆਂ, ਜੋ ਇਸ ਐਕਟ ਵਿੱਚ ਉਲਿਖਤ ਕੀਤੀਆਂ ਗਈਆਂ ਹਨ ਜਾਂ ਜੋ ਮੁਕੱਰਰ ਕੀਤੀਆਂ ਜਾਣ।

11. (1) ਰਾਜ ਸਰਕਾਰ, ਇਸ ਐਕਟ ਦੇ ਆਰੰਭ ਹੋਣ ਤੋਂ ਪਿੱਛੋਂ ਜਿੰਨੀ ਛੇਤੀ ਸੰਭਵ ਹੋ ਸਕੇ, ਯੂਨੀਵਰਸਿਟੀ ਦੇ ਪ੍ਰਬੰਧਨ ਲਈ ਇੱਕ ਬੋਰਡ ਦਾ ਗਠਨ ਕਰੇਗੀ। ਬੋਰਡ ਦਾ ਗਠਨ ।

(2) ਯੂਨੀਵਰਸਿਟੀ ਦਾ ਬੋਰਡ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗਾ-

(ੳ) ਵਾਈਸ-ਚਾਂਸਲਰ;

(ਅ) ਮੁੱਖ ਸਕੱਤਰ, ਰਾਜ ਸਰਕਾਰ;

(ੲ) ਵਿੱਤੀ ਕਮਿਸ਼ਨਰ ਵਿਕਾਸ, ਰਾਜ ਸਰਕਾਰ;

(ਸ) ਰਾਜ ਸਰਕਾਰ ਦੇ ਹੇਠ-ਲਿਖੇ ਵਿਭਾਗਾਂ ਦੇ ਸਕੱਤਰ-

(i) ਪਸ਼ੂ-ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ; ਅਤੇ

(ii) ਵਿੱਤ।

(ਹ) ਨਿਰਦੇਸ਼ਕ ਪਸ਼ੂ-ਪਾਲਣ;

(ਕ) ਡਾਇਰੈਕਟਰ ਡੇਅਰੀ ਵਿਕਾਸ;

(ਖ) ਡਾਇਰੈਕਟਰ ਅਤੇ ਵਾਰਡਨ ਮੱਛੀ ਪਾਲਣ;

(ਗ) ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ ਦੇ ਪ੍ਰਤੀਨਿਧੀ ਵਜੋਂ ਡਿਪਟੀ ਡਾਇਰੈਕਟਰ ਜਨਰਲ (ਪਸ਼ੂ ਵਿਗਿਆਨ);

(ਘ) ਯੂਨੀਵਰਸਿਟੀ ਦੇ ਡੀਨਾਂ ਜਾਂ ਡਾਇਰੈਕਟਰਾਂ ਵਿੱਚੋਂ ਬੋਰਡ ਦੁਆਰਾ ਨਿਯੁਕਤ, ਇੱਕ ਅਧਿਕਾਰੀ; ਅਤੇ

(ਙ) ਰਾਜ ਸਰਕਾਰ ਦੁਆਰਾ, ਹੇਠ-ਲਿਖੀਆਂ ਸ਼੍ਰੇਣੀਆਂ ਦੇ ਵਿਅਕਤੀਆਂ ਵਿੱਚੋਂ ਨਿਯੁਕਤ ਕੀਤੇ ਗਏ ਵਿਅਕਤੀ, ਜੋ ਅਧਿਕਾਰੀ ਨਹੀਂ ਹਨ, ਅਰਥਾਤ:-

(i) ਉਨ੍ਹਾਂ ਵਿਅਕਤੀਆਂ ਵਿੱਚੋਂ ਦੋ, ਜੋ ਰਾਜ ਸਰਕਾਰ ਦੀ ਰਾਏ ਵਿੱਚ, ਖੋਜ ਜਾਂ ਸਿੱਖਿਆ ਪਸਾਰ ਜਾਂ ਵਿਕਾਸ ਜਾਂ ਪ੍ਰਸ਼ਾਸਨ ਦੇ ਪਿਛੋਕੜ ਵਾਲੇ ਉੱਘੇ ਸਲੋਤਰੀ ਅਤੇ ਪਸ਼ੂ ਵਿਗਿਆਨ ਵਿਗਿਆਨੀ ਹਨ;

(ii) ਉਨ੍ਹਾਂ ਵਿਅਕਤੀਆਂ ਵਿੱਚੋਂ ਦੋ, ਜੋ ਰਾਜ ਸਰਕਾਰ ਦੀ ਰਾਏ ਵਿੱਚ, ਪ੍ਰਗਤੀਸ਼ੀਲ ਕਿਸਾਨ ਜਾਂ ਪਸ਼ੂ-ਧਨ ਨਸਲਕਸ਼ ਹਨ, ਜਿਨ੍ਹਾਂ ਨੂੰ ਪਸ਼ੂ-ਧਨ, ਮੁਰਗੀ ਪਾਲਣ, ਮੱਛੀ ਪਾਲਣ ਅਤੇ ਉਨ੍ਹਾਂ ਦੇ ਸੁਧਾਰ ਦੀ ਵਿਗਿਆਨਕ ਖੇਤੀ ਵਿੱਚ ਤਜਰਬਾ ਅਤੇ ਦਿਲਚਸਪੀ ਹੈ;

(iii) ਉਨ੍ਹਾਂ ਵਿਅਕਤੀਆਂ ਵਿੱਚੋਂ ਇੱਕ, ਜੋ ਰਾਜ ਸਕਾਰ ਦੀ ਰਾਏ ਵਿੱਚ, ਸਲੋਤਰੀ ਅਤੇ ਪਸ਼ੂ ਪਾਲਣ ਵਿਕਾਸ ਨਾਲ ਸਹਿਯੁਕਤ ਪ੍ਰਸਿੱਧ ਉਦਯੋਗਪਤੀ ਅਤੇ ਕਾਰੋਬਾਰੀ ਹਨ;

(iv) ਪੰਜਾਬ ਵਿੱਚ ਪੁਰਖਿਆਂ ਦਾ ਪਿਛੋਕੜ ਰੱਖਣ ਵਾਲੇ ਗੈਰ-ਨਿਵਾਸੀ ਭਾਰਤੀਆਂ ਵਿੱਚੋਂ ਇੱਕ, ਜੋ ਰਾਜ ਸਰਕਾਰ ਦੀ ਰਾਏ ਵਿੱਚ, ਪ੍ਰਸਿੱਧ ਉਦਯੋਗਪਤੀ ਅਤੇ ਕਾਰੋਬਾਰੀ ਹਨ;

(v) ਪੰਜਾਬ ਵਿੱਚ ਪੁਰਖਿਆਂ ਦੇ ਪਿਛੋਕੜ ਵਾਲੇ ਗੈਰ-ਨਿਵਾਸੀ ਭਾਰਤੀਆਂ ਵਿੱਚੋਂ ਇੱਕ, ਜੋ ਰਾਜ ਸਰਕਾਰ ਦੀ ਰਾਏ ਵਿੱਚ, ਉੱਘੇ ਡੰਗਰ-ਡਾਕਟਰ ਹਨ; ਅਤੇ

(vi) ਤਰਜੀਹੀ ਤੌਰ ਤੇ ਪੇਂਡੂ ਵਿਕਾਸ ਅਤੇ ਪਸ਼ੂ ਪਾਲਣ ਦੇ ਪਿਛੋਕੜ ਵਾਲੀਆਂ ਔਰਤਾਂ ਵਿੱਚੋਂ ਇੱਕ, ਜੋ ਰਾਜ ਸਰਕਾਰ ਦੀ ਰਾਏ ਵਿੱਚ, ਸ਼ਾਨਦਾਰ ਸਮਾਜ ਸੇਵਿਕਾਵਾਂ ਹਨ।

(3) ਬੋਰਡ ਦੇ ਮੈਂਬਰਾਂ ਦੇ ਅਹੁਦੇ ਦੀ ਅਉਧ, ਸਰਕਾਰੀ ਮੈਂਬਰਾਂ ਤੋਂ ਇਲਾਵਾ, ਦੋ ਸਾਲ ਹੋਵੇਗੀ।

(4) ਬੋਰਡ ਦਾ ਕੋਈ ਮੈਂਬਰ ਚਾਂਸਲਰ ਨੂੰ ਸੰਬੋਧਿਤ ਲਿਖਤੀ ਨੋਟਿਸ ਦੁਆਰਾ ਆਪਣੇ ਅਹੁਦੇ ਤੋਂ ਅਸਤੀਫਾ ਦੇ ਸਕੇਗਾ।

(5) ਜੇਕਰ, ਕਿਸੇ ਕਾਰਨ ਕਰਕੇ, ਬੋਰਡ ਦੇ ਕਿਸੇ ਮੈਂਬਰ ਦੇ ਅਹੁਦੇ ’ਤੇ ਕੋਈ ਅਸਾਮੀ ਖਾਲੀ ਹੋ ਜਾਂਦੀ ਹੈ, ਤਾਂ ਰਾਜ ਸਰਕਾਰ ਇਸ ਧਾਰਾ ਦੇ ਉਪਬੰਧਾਂ ਦੀ

ਅਨੁਸਾਰਤਾ ਵਿੱਚ ਉਸੇ ਸ਼੍ਰੇਣੀ ਦੇ ਕਿਸੇ ਹੋਰ ਵਿਅਕਤੀ ਨੂੰ ਨਿਯੁਕਤ ਕਰਕੇ ਉਸ ਅਸਾਮੀ ਨੂੰ ਭਰ ਸਕੇਗੀ।

(6) ਬੋਰਡ ਦੇ ਪੰਜ ਮੈਂਬਰ, ਬੋਰਡ ਦੀ ਇਕੱਤਰਤਾ ਲਈ ਕੋਰਮ ਹੋਵੇਗਾ:

ਪਰੰਤੂ ਜੇਕਰ ਬੋਰਡ ਦੀ ਇਕੱਤਰਤਾ ਕੋਰਮ ਦੀ ਘਾਟ ਕਾਰਨ ਮੁਲਤਵੀ ਕਰ ਦਿੱਤੀ ਜਾਂਦੀ ਹੈ, ਤਾਂ ਉਸੇ ਕਾਰੋਬਾਰ ਨੂੰ ਕਰਨ ਲਈ ਅਗਲੀ ਇਕੱਤਰਤਾ ਵਿੱਚ ਕੋਈ ਕੋਰਮ ਜ਼ਰੂਰੀ ਨਹੀਂ ਹੋਵੇਗਾ।

(7) ਚਾਂਸਲਰ ਬੋਰਡ ਦਾ ਆਨਰੇਰੀ ਚੇਅਰਮੈਨ ਹੋਵੇਗਾ ਅਤੇ ਵਾਈਸ-ਚਾਂਸਲਰ ਕਾਰਜਕਾਰੀ ਚੇਅਰਮੈਨ ਹੋਵੇਗਾ।

(8) ਬੋਰਡ ਦੇ ਮੈਂਬਰ, ਇਸ ਐਕਟ ਅਧੀਨ ਆਪਣੇ ਕਾਜਕਾਰਾਂ ਨੂੰ ਨਿਭਾਉਣ ਲਈ ਕੋਈ ਮਿਹਨਤਾਨਾ ਪ੍ਰਾਪਤ ਕਰਨ ਦੇ ਹੱਕਦਾਰ ਨਹੀਂ ਹੋਣਗੇ, ਸਿਵਾਏ ਅਜਿਹੇ ਰੋਜ਼ਾਨਾ ਅਤੇ ਯਾਤਰਾ ਭੱਤਿਆਂ ਦੇ, ਜੋ ਮੁਕੱਰਰ ਕੀਤੇ ਜਾਣ।

ਬੋਰਡ ਦੀਆਂ ਕਾਰਵਾਈਆਂ ਦਾ ਖਾਲੀ ਥਾਵਾਂ ਕਾਰਨ ਨਾਜਾਇਜ਼ ਨ ਹੋਣਾ ।

12. ਬੋਰਡ ਦਾ ਕੋਈ ਵੀ ਕਾਰਜ ਜਾਂ ਕਾਰਵਾਈ ਸਿਰਫ ਅਜਿਹੇ ਬੋਰਡ ਵਿੱਚ ਕਿਸੇ ਖਾਲੀ ਅਸਾਮੀ ਦੀ ਹੋਂਦ, ਜਾਂ ਉਸ ਦੇ ਗਠਨ ਵਿੱਚ ਕਿਸੇ ਨੁਕਸ ਦੇ ਆਧਾਰ ਤੇ ਨਾਜਾਇਜ਼ ਨਹੀਂ ਹੋਵੇਗੀ।

ਬੋਰਡ ਦੀਆਂ ਸ਼ਕਤੀਆਂ ਅਤੇ ਕਰਤੱਵ ।

13. (1) ਬੋਰਡ ਦੀਆਂ ਸ਼ਕਤੀਆਂ ਅਤੇ ਕਰਤੱਵ ਹੇਠ-ਲਿਖੇ ਅਨੁਸਾਰ ਹੋਣਗੇ:-

(ੳ) ਵਾਈਸ-ਚਾਂਸਲਰ ਦੁਆਰਾ ਪੇਸ਼ ਕੀਤੇ ਗਏ ਬਜਟ ਨੂੰ ਮਨਜ਼ੂਰ ਕਰਨਾ;

(ਅ) ਯੂਨੀਵਰਸਿਟੀ ਦੀ ਸੰਪੱਤੀ ਅਤੇ ਫੰਡਾਂ ਨੂੰ ਧਾਰਨ ਕਰਨਾ ਅਤੇ ਕੰਟਰੋਲ ਕਰਨਾ ਅਤੇ ਯੂਨੀਵਰਸਿਟੀ ਦੇ ਨਮਿੱਤ ਕੋਈ ਆਮ ਨਿਰਦੇਸ਼ ਜਾਰੀ ਕਰਨਾ;

(ੲ) ਯੂਨੀਵਰਸਿਟੀ ਦੇ ਨਮਿੱਤ ਕਿਸੇ ਸੰਪੱਤੀ ਨੂੰ ਸਵੀਕਾਰ ਕਰਨਾ ਜਾਂ ਮੁੰਤਕਿਲ ਕਰਨਾ;

(ਸ) ਵਿਸ਼ੇਸ਼ ਪ੍ਰਯੋਜਨਾਂ ਲਈ ਯੂਨੀਵਰਸਿਟੀ ਦੇ ਨਿਪਟਾਰੇ 'ਤੇ ਰੱਖੇ ਗਏ ਫੰਡਾਂ ਦਾ ਪ੍ਰਬੰਧ ਕਰਨਾ;

(ਹ) ਯੂਨੀਵਰਸਿਟੀ ਨਾਲ ਸਬੰਧਤ ਧਨ ਨੂੰ ਨਿਵੇਸ਼ ਕਰਨਾ;

(ਕ) ਯੂਨੀਵਰਸਿਟੀ ਦੇ ਅਧਿਕਾਰੀਆਂ, ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਨੂੰ ਮੁਕੱਰਰ ਤਰੀਕੇ ਨਾਲ ਨਿਯੁਕਤ ਕਰਨਾ;

(ਖ) ਯੂਨੀਵਰਸਿਟੀ ਦੀ ਸਾਂਝੀ ਮੁਹਰ ਦਾ ਰੂਪ ਉਲਿਖਤ ਕਰਨਾ;

(ਗ) ਅਜਿਹੀਆਂ ਕਮੇਟੀਆਂ ਨਿਯੁਕਤ ਕਰਨਾ, ਜਿਵੇਂ ਇਹ ਆਪਣੀ ਉਚਿਤ ਕਾਰਜਕਾਰਤਾ ਲਈ ਜ਼ਰੂਰੀ ਸਮਝੇ;

(ਘ) ਪੂੰਜੀ ਸੁਧਾਰਾਂ ਲਈ ਧਨ ਉਧਾਰ ਲੈਣਾ ਅਤੇ ਇਸਦੀ ਮੁੜ ਅਦਾਇਗੀ ਲਈ ਢੁਕਵੇਂ ਪ੍ਰਬੰਧ ਕਰਨਾ;

(ਙ) ਧਾਰਾ 14 ਦੇ ਉਪਬੰਧਾਂ ਦੇ ਤਾਬੇ ਵਾਈਸ-ਚਾਂਸਲਰ ਨਿਯੁਕਤ ਕਰਨਾ;

(ਚ) ਅਜਿਹੇ ਸਮਿਆਂ ਤੇ ਅਤੇ ਇੰਨੀ ਵਾਰ ਇਕੱਤਰਤਾ ਕਰਨਾ, ਜਿਵੇਂ ਬੋਰਡ ਜ਼ਰੂਰੀ ਸਮਝੇ:

ਪਰੰਤੂ ਬੋਰਡ ਦੀ ਨਿਯਮਤ ਇਕੱਤਰਤਾ, ਹਰੇਕ ਦੋ ਮਹੀਨਿਆਂ ਵਿੱਚ ਘੱਟੋ-ਘੱਟ ਇੱਕ ਵਾਰ ਹੋਵੇਗੀ; ਅਤੇ

(ਛ) ਇਸ ਐਕਟ ਅਤੇ ਪ੍ਰਵਿਧਾਨਾਂ ਦੀ ਅਨੁਸਾਰਤਾ ਵਿੱਚ ਯੂਨੀਵਰਸਿਟੀ ਨਾਲ ਸਬੰਧਤ ਸਾਰੇ ਮਾਮਲਿਆਂ ਨੂੰ ਵਿਨਿਯਮਤ ਅਤੇ ਨਿਰਧਾਰਤ ਕਰਨਾ, ਅਤੇ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰਨਾ ਅਤੇ ਅਜਿਹੇ ਕਰਤੱਵ ਨਿਭਾਉਣਾ, ਜੋ ਐਕਟ ਜਾਂ ਪ੍ਰਵਿਧਾਨਾਂ ਦੁਆਰਾ ਬੋਰਡ ਨੂੰ ਪ੍ਰਦਾਨ ਕੀਤੇ ਜਾ ਸਕਦੇ ਹਨ ਜਾਂ ਅਰੋਪੇ ਜਾ ਸਕਦੇ ਹਨ।

ਵਾਈਸ-ਚਾਂਸਲਰ।

14. (1) ਵਾਈਸ-ਚਾਂਸਲਰ ਯੂਨੀਵਰਸਿਟੀ ਦਾ ਪੂਰਨ-ਕਾਲੀ ਅਧਿਕਾਰੀ ਹੋਵੇਗਾ ਅਤੇ ਬੋਰਡ ਦੁਆਰਾ ਮੁਕੱਰਰ ਤਰੀਕੇ ਨਾਲ ਉੱਘੇ ਡੰਗਰ-ਡਾਕਟਰਾਂ ਵਿੱਚੋਂ ਨਿਯੁਕਤ ਕੀਤਾ ਜਾਵੇਗਾ:

ਪਰੰਤੂ ਜਿੱਥੇ ਬੋਰਡ ਦੇ ਮੈਂਬਰ ਵਾਈਸ-ਚਾਂਸਲਰ ਵਜੋਂ ਨਿਯੁਕਤ ਕੀਤੇ ਜਾਣ ਵਾਲੇ ਤਜਵੀਜ਼ਤ ਵਿਅਕਤੀ ਦੀ ਚੋਣ ਦੇ ਬਾਬਤ ਸਰਬ-ਸੰਮਤ ਨਹੀਂ ਹਨ, ਉੱਥੇ ਨਿਯੁਕਤੀ, ਚਾਂਸਲਰ ਦੁਆਰਾ ਕੀਤੀ ਜਾਵੇਗੀ:

ਪਰੰਤੂ ਇਹ ਹੋਰ ਕਿ ਯੂਨੀਵਰਸਿਟੀ ਦਾ ਪਹਿਲਾ ਵਾਈਸ-ਚਾਂਸਲਰ ਸਕੱਤਰ, ਰਾਜ ਸਰਕਾਰ, ਪਸ਼ੂ ਪਾਲਣ ਹੋਵੇਗਾ। ਉਹ ਉਦੋਂ ਤੱਕ ਚਾਰਜ ਸੰਭਾਲੇਗਾ ਜਦੋਂ ਤੱਕ

ਯੂਨੀਵਰਸਿਟੀ ਸੁਚਾਰੂ ਢੰਗ ਨਾਲ ਕਾਰਜਕਾਰਤਾ ਸ਼ੁਰੂ ਨਹੀਂ ਕਰ ਦਿੰਦੀ ਜਾਂ ਜਦੋਂ ਤੱਕ ਬੋਰਡ ਇੱਕ ਨਿਯਮਤ ਵਾਈਸ-ਚਾਂਸਲਰ ਨਿਯੁਕਤ ਨਹੀਂ ਕਰਦਾ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਵਾਈਸ-ਚਾਂਸਲਰ ਦੇ ਬਿਮਾਰੀ, ਗੈਰਹਾਜ਼ਰੀ ਜਾਂ ਛੁੱਟੀ ਜਾਂ ਕਿਸੇ ਹੋਰ ਅਚਨਚੇਤੀ ਕਾਰਨ ਕਰਕੇ ਆਪਣੇ ਕਾਜਕਾਰਾਂ ਨੂੰ ਨਿਭਾਉਣ ਦੀ ਸਥਿਤੀ ਵਿੱਚ ਨਾ ਹੋਣ ਦੀ ਸੂਰਤ ਵਿੱਚ, ਚਾਂਸਲਰ, ਰਾਜ ਸਰਕਾਰ ਦੀ ਸਲਾਹ 'ਤੇ, ਉਕਤ ਘਟਨਾ ਦੌਰਾਨ ਕੰਮਕਾਜ ਦੇ ਨਿਪਟਾਰੇ ਲਈ ਕਿਸੇ ਵਿਅਕਤੀ ਨੂੰ ਵਾਈਸ-ਚਾਂਸਲਰ ਵਜੋਂ ਕਾਰਜ ਕਰਨ ਲਈ ਨਿਯੁਕਤ ਕਰ ਸਕਦਾ ਹੈ। ਵਾਈਸ-ਚਾਂਸਲਰ ਦੇ ਕਾਜਾਕਾਰਾਂ ਨੂੰ ਨਿਭਾਉਣ ਲਈ ਅਸਥਾਈ ਤੌਰ 'ਤੇ ਨਿਯੁਕਤ ਵਿਅਕਤੀ, ਚਾਂਸਲਰ ਦੀ ਪ੍ਰਸੰਨਤਾ ਪਰਯੰਤ ਅਹੁਦਾ ਧਾਰਨ ਕਰੇਗਾ। ਚਾਂਸਲਰ ਇਸ ਤਰ੍ਹਾਂ ਨਿਯੁਕਤ ਕੀਤੇ ਗਏ ਵਿਅਕਤੀ ਨੂੰ ਅਦਾਇਗੀਯੋਗ ਉਪਲਬਧਤਾ ਜਾਂ ਭੱਤੇ ਨਿਰਧਾਰਤ ਕਰੇਗਾ।

(3) ਵਾਈਸ-ਚਾਂਸਲਰ ਦੇ ਅਹੁਦੇ ਦੀ ਅਉਧ ਚਾਰ ਸਾਲ ਹੋਵੇਗੀ ਅਤੇ ਉਹ ਮੁੜ-ਨਿਯੁਕਤੀ ਲਈ ਪਾਤਰ ਹੋਵੇਗਾ।

(4) ਵਾਈਸ-ਚਾਂਸਲਰ ਦੀਆਂ ਉਪਲੱਭਤਾਂ ਅਤੇ ਸੇਵਾ ਦੀਆਂ ਹੋਰ ਸ਼ਰਤਾਂ ਅਜਿਹੀਆਂ ਹੋਣਗੀਆਂ, ਜੋ ਮੁਕੱਰਰ ਕੀਤੀਆਂ ਜਾਣ ਅਤੇ ਉਸ ਦੀ ਨਿਯੁਕਤੀ ਤੋਂ ਪਿੱਛੋਂ ਉਨ੍ਹਾਂ ਨੂੰ ਉਸ ਦੇ ਅਲਾਭ ਲਈ ਬਦਲੀਆਂ ਨਹੀਂ ਜਾਣਗੀਆਂ।

(5) ਜਦੋਂ ਵਾਈਸ-ਚਾਂਸਲਰ ਦਾ ਅਹੁਦਾ ਛੁੱਟੀ ਦੇ ਕਾਰਨ ਜਾਂ ਕਿਸੇ ਹੋਰ ਕਾਰਨ ਕਰਕੇ, ਅਹੁਦੇ ਦੀ ਅਉਧ ਗੁਜ਼ਰਨ ਤੋਂ ਬਿਨਾਂ, ਖਾਲੀ ਹੋ ਜਾਂਦਾ ਹੈ ਜਾਂ ਹੋਣ ਦੀ

ਸੰਭਾਵਨਾ ਹੈ, ਤਾਂ ਰਜਿਸਟਰਾਰ ਤੁਰੰਤ ਇਸ ਤੱਥ ਦੀ ਰਿਪੋਟ ਬੋਰਡ ਨੂੰ ਕਰੇਗਾ, ਅਤੇ ਅਜਿਹੀ ਅਸਾਮੀ ਉਪ-ਧਾਰਾ (1) ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਭਰੀ ਜਾਵੇਗੀ।

(6) ਵਾਈਸ-ਚਾਂਸਲਰ, ਬੋਰਡ ਨੂੰ ਸੰਬੋਧਤ, ਲਿਖਤੀ ਰੂਪ ਵਿੱਚ ਅਸਤੀਫ਼ਾ ਦੇ ਕੇ ਆਪਣਾ ਅਹੁਦਾ ਛੱਡ ਸਕੇਗਾ ਅਤੇ ਇਸਨੂੰ ਬੋਰਡ ਦੇ ਸਕੱਤਰ ਨੂੰ ਉਸ ਤਰੀਕ ਤੋਂ ਘੱਟੋ-ਘੱਟ ਦੋ ਮਹੀਨੇ ਪਹਿਲਾਂ ਸੌਂਪ ਸਕੇਗਾ, ਜਿਸ ਤਰੀਕ ਨੂੰ ਵਾਈਸ-ਚਾਂਸਲਰ ਫਾਰਗ ਹੋਣਾ ਚਾਹੁੰਦਾ ਹੈ।

ਵਾਈਸ-ਚਾਂਸਲਰ ਦੀਆਂ ਸ਼ਕਤੀਆਂ ਅਤੇ ਕਰਤੱਵ ।

15. (1) ਵਾਈਸ-ਚਾਂਸਲਰ ਯੂਨੀਵਰਸਿਟੀ ਦਾ ਮੁੱਖ ਕਾਰਜਕਾਰੀ ਅਤੇ ਅਕਾਦਮਿਕ ਅਧਿਕਾਰੀ ਅਤੇ ਅਕਾਦਮਿਕ ਕੌਂਸਲ ਦਾ ਚੇਅਰਮੈਨ ਹੋਵੇਗਾ, ਅਤੇ, ਚਾਂਸਲਰ ਦੀ ਗੈਰਹਾਜ਼ਰੀ ਵਿੱਚ, ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ ਅਤੇ ਉਹਨਾਂ ਵਿਅਕਤੀਆਂ ਨੂੰ ਡਿਗਰੀਆਂ ਪ੍ਰਦਾਨ ਕਰੇਗਾ, ਜੋ ਉਹਨਾਂ ਨੂੰ ਪ੍ਰਾਪਤ ਕਰਨ ਦੇ ਹੱਕਦਾਰ ਹਨ।

(2) ਵਾਈਸ-ਚਾਂਸਲਰ ਯੂਨੀਵਰਸਿਟੀ ਦੇ ਮਾਮਲਿਆਂ ’ਤੇ ਕੰਟਰੋਲ ਰੱਖੇਗਾ ਅਤੇ ਯੂਨੀਵਰਸਿਟੀ ਵਿੱਚ ਯੋਗ ਅਨੁਸ਼ਾਸਨ ਕਾਇਮ ਰੱਖਣ ਲਈ ਜ਼ਿੰਮੇਵਾਰ ਹੋਵੇਗਾ।

(3) ਵਾਈਸ-ਚਾਂਸਲਰ ਅਕਾਦਮਿਕ ਕੌਂਸਲ ਦੀਆਂ ਇਕੱਤਰਤਾਵਾਂ ਬੁਲਾਏਗਾ, ਜਦੋਂ ਤੱਕ ਉਹ ਇਹ ਸ਼ਕਤੀ ਅਸਥਾਈ ਤੌਰ ’ਤੇ ਯੂਨੀਵਰਸਿਟੀ ਦੇ ਕਿਸੇ ਹੋਰ ਅਧਿਕਾਰੀ ਨੂੰ ਨਹੀਂ ਸੌਂਪ ਦਿੰਦਾ।

(4) ਇਸ ਐਕਟ ਦੁਆਰਾ ਰਾਜ ਸਰਕਾਰ ਨੂੰ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਵਾਈਸ-ਚਾਂਸਲਰ ਇਸ ਐਕਟ ਦੇ

ਉਪਬੰਧਾਂ ਅਤੇ ਪ੍ਰਵਿਧਾਨਾਂ ਦੀ ਵਫ਼ਾਦਾਰੀ ਨਾਲ ਪਾਲਣਾ ਯਕੀਨੀ ਬਣਾਏਗਾ ਅਤੇ ਉਹ ਅਜਿਹੀਆਂ ਜ਼ਰੂਰੀ ਸਾਰੀਆਂ ਸ਼ਕਤੀਆਂ, ਜੋ ਉਸ ਨਮਿੱਤ ਜ਼ਰੂਰੀ ਹੋਣ, ਦੀ ਵਰਤੋਂ ਕਰੇਗਾ।

(5) ਵਾਈਸ-ਚਾਂਸਲਰ ਬੋਰਡ ਨੂੰ ਬਜਟ ਅਤੇ ਲੇਖਿਆਂ ਦਾ ਵਿਵਰਣ ਪੇਸ਼ ਕਰਨ ਲਈ ਜ਼ਿੰਮੇਵਾਰ ਹੋਵੇਗਾ।

(6) ਕਿਸੇ ਵੀ ਸੰਕਟ ਵਿੱਚ, ਜੋ, ਵਾਈਸ-ਚਾਂਸਲਰ ਦੀ ਰਾਏ ਵਿੱਚ, ਤੁਰੰਤ ਕਾਰਵਾਈ ਕੀਤੀ ਜਾਣੀ ਲੋੜਦਾ ਹੈ, ਉਹ ਅਜਿਹੀ ਕਾਰਵਾਈ ਕਰੇਗਾ, ਜੋ ਉਹ ਜ਼ਰੂਰੀ ਸਮਝਦਾ ਹੈ ਅਤੇ, ਛੇਤੀ ਤੋਂ ਛੇਤੀ ਸੰਭਵ ਹੋ ਸਕੇ, ਕੀਤੀ ਗਈ ਕਾਰਵਾਈ ਦੀ ਪੁਸ਼ਟੀ ਲਈ ਅਧਿਕਾਰੀ, ਅਥਾਰਟੀ ਜਾਂ ਹੋਰ ਸੰਸਥਾ, ਜਿਹੀ ਕਿ ਸੂਰਤ ਹੋਵੇ, ਨੂੰ ਰਿਪੋਟ ਕਰੇਗਾ, ਜਿਸਨੇ ਜਾਂ ਜਿਸ ਵੱਲੋਂ ਸਾਧਾਰਨ ਅਨੁਕ੍ਰਮ ਵਿੱਚ, ਮਾਮਲੇ ਨਾਲ ਨਜਿੱਠਿਆ ਜਾਣਾ ਸੀ, ਪਰ ਇਸ ਉਪ-ਧਾਰਾ ਵਿੱਚ ਕੁਝ ਵੀ ਵਾਈਸ-ਚਾਂਸਲਰ ਨੂੰ ਕੋਈ ਵੀ ਖਰਚ ਕਰਨ ਲਈ ਸ਼ਕਤੀ ਪ੍ਰਦਾਨ ਕਰਨ ਵਾਲਾ ਨਹੀਂ ਸਮਝਿਆ ਜਾਵੇਗਾ, ਜੋ ਬਜਟ ਵਿੱਚ ਨਿਯਮਤ ਤੌਰ 'ਤੇ ਅਧਿਕਾਰਤ ਅਤੇ ਪ੍ਰਬੰਧਤ ਨਹੀਂ ਹੈ।

(7) ਜਿੱਥੇ ਉਪ-ਧਾਰਾ (6) ਅਧੀਨ ਵਾਈਸ-ਚਾਂਸਲਰ ਦੁਆਰਾ ਕੀਤੀ ਗਈ ਕੋਈ ਕਾਰਵਾਈ, ਯੂਨੀਵਰਸਿਟੀ ਦੀ ਸੇਵਾ ਵਿੱਚ ਕਿਸੇ ਵਿਅਕਤੀ ਨੂੰ ਉਸਦੇ ਅਲਾਭ ਲਈ ਪ੍ਰਭਾਵਤ ਕਰਦੀ ਹੈ, ਉੱਥੇ ਅਜਿਹੀ ਕਾਰਵਾਈ ਉਦੋਂ ਤੱਕ ਨਹੀਂ ਕੀਤੀ ਜਾਵੇਗੀ ਜਦੋਂ ਤੱਕ ਅਜਿਹੇ ਵਿਅਕਤੀ ਨੂੰ ਸੁਣਵਾਈ ਦਾ ਮੌਕਾ ਨਾ ਦੇ ਦਿੱਤਾ ਗਿਆ ਹੋਵੇ।

(8) ਉਪ-ਧਾਰਾ (7) ਵਿੱਚ ਹਵਾਲਾ ਦਿੱਤੀ ਗਈ ਕਾਰਵਾਈ ਤੋਂ ਦੁਖਿਤ ਕੋਈ ਵਿਅਕਤੀ, ਉਸ ਤਰੀਕ ਤੋਂ ਤੀਹ ਦਿਨਾਂ ਦੇ ਅੰਦਰ ਬੋਰਡ ਨੂੰ ਅਪੀਲ ਕਰ ਸਕੇਗਾ, ਜਿਸ ਤਰੀਕ ਨੂੰ ਉਸ ਵਿਰੁੱਧ ਕੀਤੀ ਗਈ ਕਾਰਵਾਈ ਬਾਰੇ ਉਸਨੂੰ ਸੰਸੂਚਤ ਕੀਤਾ ਜਾਂਦਾ ਹੈ।

(9) ਉਪਰੋਕਤ ਦੇ ਤਾਬੇ, ਵਾਈਸ-ਚਾਂਸਲਰ, ਯੂਨੀਵਰਸਿਟੀ ਦੇ ਅਧਿਕਾਰੀਆਂ, ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਦੀ ਨਿਯੁਕਤੀ, ਮੁਅੱਤਲੀ ਜਾਂ ਬਰਖਾਸਤਗੀ ਸੰਬੰਧੀ ਬੋਰਡ ਦੇ ਹੁਕਮਾਂ ਨੂੰ ਪ੍ਰਭਾਵੀ ਬਣਾਏਗਾ।

(10) ਵਾਈਸ-ਚਾਂਸਲਰ ਅਧਿਆਪਨ, ਖੋਜ ਅਤੇ ਪਸਾਰ ਸਿੱਖਿਆ ਦੇ ਤਾਲਮੇਲ ਅਤੇ ਏਕੀਕਰਨ ਲਈ ਜ਼ਿੰਮੇਵਾਰ ਹੋਵੇਗਾ।

(11) ਵਾਈਸ-ਚਾਂਸਲਰ ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰੇਗਾ, ਜੋ ਮੁਕੱਰਰ ਕੀਤੀਆਂ ਜਾਣ।

ਤਨਖਾਹ ਅਤੇ ਭੱਤੇ ।

16. ਯੂਨੀਵਰਸਿਟੀ ਦੇ ਅਧਿਕਾਰੀਆਂ, ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਨੂੰ ਅਦਾਇਗੀਯੋਗ ਤਨਖਾਹ ਅਤੇ ਭੱਤੇ ਅਜਿਹੇ ਹੋਣਗੇ, ਜੋ ਵਾਈਸ-ਚਾਂਸਲਰ ਦੁਆਰਾ ਬੋਰਡ ਦੀ ਪ੍ਰਵਾਨਗੀ ਨਾਲ ਨਿਰਧਾਰਤ ਕੀਤੇ ਜਾਣ।

ਰਜਿਸਟਰਾਰ ।

17. (1) ਰਜਿਸਟਰਾਰ ਯੂਨੀਵਰਸਿਟੀ ਦਾ ਇੱਕ ਪੂਰਨ-ਕਾਲੀ ਅਧਿਕਾਰੀ ਹੋਵੇਗਾ ਅਤੇ ਵਾਈਸ-ਚਾਂਸਲਰ ਦੁਆਰਾ ਬੋਰਡ ਦੀ ਪ੍ਰਵਾਨਗੀ ਨਾਲ, ਉਨ੍ਹਾਂ ਵਿਅਕਤੀਆਂ ਵਿੱਚੋਂ ਨਿਯੁਕਤ ਕੀਤਾ ਜਾਵੇਗਾ ਜਿਨ੍ਹਾਂ ਦਾ ਰੁਤਬਾ ਯੂਨੀਵਰਸਿਟੀ ਦੇ

ਪ੍ਰੋਫੈਸਰ ਦੇ ਰੈਂਕ ਤੋਂ ਘੱਟ ਨ ਹੋਵੇ ਅਤੇ ਜੋ ਸਲੋਤਰੀ, ਪਸ਼ੂ ਜਾਂ ਮੱਛੀ ਪਾਲਣ ਵਿਗਿਆਨ ਦੇ ਖੇਤਰ ਵਿੱਚ ਸਿੱਖਿਆ ਸ਼ਾਸਤਰੀ ਹੋਣ।

(2) ਰਜਿਸਟਰਾਰ ਨੂੰ ਅਜਿਹਾ ਮਿਹਨਤਾਨਾ ਅਤੇ ਹੋਰ ਉਪਲੱਭਤਾਂ ਪ੍ਰਾਪਤ ਹੋਣਗੀਆਂ, ਜੋ ਮੁਕੱਰਰ ਕੀਤੀਆਂ ਜਾਣ ਅਤੇ, ਉਹ ਆਪਣੇ ਅਹੁਦੇ ਦੀ ਮਿਆਦ ਦੌਰਾਨ, ਕਿਸੇ ਹੋਰ ਸਰੋਤ ਤੋਂ ਕੋਈ ਹੋਰ ਮਿਹਨਤਾਨਾ ਜਾਂ ਉਪਲੱਭਤਾਂ ਸਵੀਕਾਰ ਨਹੀਂ ਕਰੇਗਾ।

ਰਜਿਸਟਰਾਰ ਦੀਆਂ ਸ਼ਕਤੀਆਂ ਅਤੇ ਕਰਤੱਵ।

18. (1) ਰਜਿਸਟਰਾਰ,-

(ੳ) ਯੂਨੀਵਰਸਿਟੀ ਦੇ ਰਿਕਾਰਡ ਅਤੇ ਸਾਂਝੀ ਮੁਹਰ ਦੀ ਸੰਭਾਲ ਲਈ ਜ਼ਿੰਮੇਵਾਰ ਹੋਵੇਗਾ;

(ਅ) ਅਕਾਦਮਿਕ ਕੌਂਸਲ ਅਤੇ ਬੋਰਡ ਦਾ ਅਹੁਦੇ-ਕਾਰਨ ਸਕੱਤਰ ਹੋਵੇਗਾ ਅਤੇ ਅਕਾਦਮਿਕ ਕੌਂਸਲ ਅਤੇ ਬੋਰਡ ਦੇ ਸਾਹਮਣੇ ਅਜਿਹੀ ਸਾਰੀ ਜਾਣਕਾਰੀ ਰੱਖੇਗਾ, ਜੋ ਅਕਾਦਮਿਕ ਕੌਂਸਲ ਜਾਂ ਬੋਰਡ, ਜਿਹੀ ਕਿ ਸੂਰਤ ਹੋਵੇ, ਦੇ ਕਾਜਕਾਰ ਕਰਨ ਲਈ ਜ਼ਰੂਰੀ ਹੋਵੇ;

(ੲ) ਯੂਨੀਵਰਸਿਟੀ ਵਿੱਚ ਦਾਖਲੇ ਲਈ ਅਰਜ਼ੀ ਪ੍ਰਾਪਤ ਕਰੇਗਾ;

(ਸ) ਗੈਰ-ਨਿਵਾਸੀ ਭਾਰਤੀ ਵਿਦਿਆਰਥੀਆਂ, ਗੈਰ-ਨਿਵਾਸੀ ਭਾਰਤੀ ਪ੍ਰਾਯੋਜਕ ਵਿਦਿਆਰਥੀਆਂ, ਵਿਦੇਸ਼ੀ ਵਿਦਿਆਰਥੀਆਂ,

ਉਦਯੋਗ ਪ੍ਰਾਯੋਜਕ ਵਿਦਿਆਰਥੀਆਂ ਦੇ ਦਾਖਲੇ ਲਈ ਪ੍ਰਬੰਧ ਕਰੇਗਾ;

(ਹ) ਸਾਰੇ ਸਿਲੇਬਸ, ਪਾਠਕ੍ਰਮ ਅਤੇ ਇਸ ਨਾਲ ਮੁਤੱਲਕ ਜਾਣਕਾਰੀ ਦਾ ਸਥਾਈ ਰਿਕਾਰਡ ਰੱਖੇਗਾ;

(ਕ) ਅਜਿਹੀਆਂ ਪ੍ਰੀਖਿਆਵਾਂ ਦਾ ਸੰਚਾਲਣ ਕਰਨ ਲਈ ਪ੍ਰਬੰਧ ਕਰੇਗਾ, ਜੋ ਮੁਕੱਰਰ ਕੀਤੀਆਂ ਜਾਣ, ਅਤੇ ਇਸ ਨਾਲ ਮੁਤੱਲਕ ਸਾਰੀਆਂ ਪ੍ਰਕਿਰਿਆਵਾਂ ਦੇ ਉਚਿਤ ਅਮਲ ਲਈ ਜ਼ਿੰਮੇਵਾਰ ਹੋਵੇਗਾ; ਅਤੇ

(ਖ) ਅਜਿਹੇ ਹੋਰ ਕਰਤੱਵ ਨਿਭਾਏਗਾ, ਜੋ ਵਾਈਸ-ਚਾਂਸਲਰ ਦੁਆਰਾ ਸਮੇਂ-ਸਮੇਂ ਤੇ ਮੁਕੱਰਰ ਕੀਤੇ ਜਾਣ।

ਕੰਪਟਰੋਲਰ ।

19. (1) ਕੰਪਟਰੋਲਰ ਯੂਨੀਵਰਸਿਟੀ ਦਾ ਪੂਰਨ ਕਾਲੀ ਅਧਿਕਾਰੀ ਹੋਵੇਗਾ ਅਤੇ ਉਹ ਵਾਈਸ-ਚਾਂਸਲਰ ਦੁਆਰਾ ਬੋਰਡ ਦੀ ਪ੍ਰਵਾਨਗੀ ਨਾਲ ਨਿਯੁਕਤ ਕੀਤਾ ਜਾਵੇਗਾ।

(2) ਕੰਪਟਰੋਲਰ ਯੂਨੀਵਰਸਿਟੀ ਦੀ ਸੰਪੱਤੀ ਅਤੇ ਨਿਵੇਸ਼ਾਂ ਦਾ ਪ੍ਰਬੰਧਨ ਕਰੇਗਾ ਅਤੇ ਇਸਨੂੰ ਇਸਦੀ ਵਿੱਤੀ ਨੀਤੀ ਦੇ ਬਾਬਤ ਸਲਾਹ ਦੇਵੇਗਾ।

(3) ਕੰਪਟਰੋਲਰ ਯੂਨੀਵਰਸਿਟੀ ਦੇ ਸਾਰੇ ਲੇਖਾ ਮਾਮਲਿਆਂ ਲਈ ਵਾਈਸ-ਚਾਂਸਲਰ ਪ੍ਰਤੀ ਜ਼ਿੰਮੇਵਾਰ ਹੋਵੇਗਾ, ਜਿਸ ਵਿੱਚ ਇਸਦੇ ਬਜਟ ਅਤੇ ਲੇਖਿਆਂ ਦੇ ਵਿਵਰਣ ਦੀ ਤਿਆਰੀ ਅਤੇ ਪੇਸ਼ਕਾਰੀ ਸ਼ਾਮਲ ਹੈ।

(4) ਕੰਪਟਰੋਲਰ ਨੂੰ ਅਜਿਹਾ ਮਿਹਨਤਾਨਾ ਮਿਲੇਗਾ, ਜੋ ਮੁਕੱਰਰ ਕੀਤਾ ਜਾਵੇ। ਉਹ, ਆਪਣੇ ਅਹੁਦੇ ਦੀ ਮਿਆਦ ਦੌਰਾਨ, ਕਿਸੇ ਹੋਰ ਸਰੋਤ ਤੋਂ ਕੋਈ ਮਿਹਨਤਾਨਾ ਜਾਂ ਹੋਰ ਉਪਲੱਭਤਾਂ ਪ੍ਰਾਪਤ ਨਹੀਂ ਕਰੇਗਾ।

(5) ਕੰਪਟਰੋਲਰ,-

(ੳ) ਇਹ ਯਕੀਨੀ ਬਣਾਵੇਗਾ ਕਿ ਬਜਟ ਵਿੱਚ ਅਧਿਕਾਰਤ ਨ ਹੋਣ ਵਾਲਾ ਖਰਚ, ਯੂਨੀਵਰਸਿਟੀ ਦੁਆਰਾ, ਸਿਵਾਏ ਨਿਵੇਸ਼ ਵਜੋਂ, ਨਹੀਂ ਕੀਤਾ ਜਾਂਦਾ ਹੈ; ਅਤੇ

(ਅ) ਕਿਸੇ ਵੀ ਅਜਿਹੇ ਖਰਚੇ ਦੀ ਇਜਾਜ਼ਤ ਨਹੀਂ ਦੇਵੇਗਾ, ਜੋ ਕਿਸੇ ਪ੍ਰਵਿਧਾਨ ਦੇ ਨਿਬੰਧਨਾਂ ਦੁਆਰਾ ਸਮਰਥਤ ਨਾ ਹੋਵੇ ਜਾਂ ਜਿਸ ਲਈ ਪ੍ਰਵਿਧਾਨਾਂ ਦੁਆਰਾ ਉਪਬੰਧ ਕੀਤਾ ਜਾਣਾ ਲੋੜੀਂਦਾ ਹੈ, ਪਰ ਅਜਿਹਾ ਨ ਕੀਤਾ ਗਿਆ ਹੋਵੇ।

(6) ਯੂਨੀਵਰਸਿਟੀ ਨਾਲ ਸਬੰਧਤ ਸਾਰਾ ਧਨ, ਬੋਰਡ ਦੁਆਰਾ ਪ੍ਰਵਾਨਿਤ ਕੀਤੇ ਅਨੁਸਾਰ, ਇੱਕ ਅਨੁਸੂਚਿਤ ਬੈਂਕ ਵਿੱਚ ਰੱਖਿਆ ਜਾਵੇਗਾ।

20. (1) ਯੂਨੀਵਰਸਿਟੀ ਦਾ ਵਿਦਿਆਰਥੀ ਭਲਾਈ ਡਾਇਰੈਕਟਰ-ਕਮ-ਸੰਪਦਾ ਅਧਿਕਾਰੀ ਯੂਨੀਵਰਸਿਟੀ ਦਾ ਪੂਰਨ ਕਾਲੀ ਅਧਿਕਾਰੀ ਹੋਵੇਗਾ ਅਤੇ ਬੋਰਡ ਦੀ ਪ੍ਰਵਾਨਗੀ ਨਾਲ ਵਾਈਸ-ਚਾਂਸਲਰ ਦੁਆਰਾ ਨਿਯੁਕਤ ਕੀਤਾ ਜਾਵੇਗਾ। ਵਿਦਿਆਰਥੀ ਭਲਾਈ ਡਾਇਰੈਕਟਰ-ਕਮ-ਸੰਪਦਾ ਅਧਿਕਾਰੀ।

(2) ਉਪਰੋਕਤ ਡਾਇਰੈਕਟਰ ਦੇ ਹੇਠ-ਲਿਖੇ ਕਰਤੱਵ ਹੋਣਗੇ, ਅਰਥਾਤ:-

(ੳ) ਵਿਦਿਆਰਥੀਆਂ ਦੇ ਰਹਿਣ-ਸਹਿਣ ਲਈ ਪ੍ਰਬੰਧ ਕਰਨਾ;

(ਅ) ਵਿਦਿਆਰਥੀਆਂ ਦੀ ਅਗਵਾਈ ਲਈ ਪ੍ਰੋਗਰਾਮ ਬਣਾਉਣਾ;

(ੲ) ਵਾਈਸ-ਚਾਂਸਲਰ ਦੁਆਰਾ ਪ੍ਰਵਾਨਤ, ਯੋਜਨਾਵਾਂ ਦੀ ਅਨੁਸਾਰਤਾ ਵਿੱਚ ਵਿਦਿਆਰਥੀਆਂ ਦੇ ਰੋਜ਼ਗਾਰ ਦਾ ਪ੍ਰਬੰਧ ਕਰਨਾ;

(ਸ) ਵਿਦਿਆਰਥੀਆਂ ਦੀਆਂ ਪਾਠਕ੍ਰਮ ਤੋਂ ਅਧਿਕ-ਸਰਗਰਮੀਆਂ ਦੀ ਨਿਗਰਾਨੀ ਕਰਨਾ;

(ਹ) ਯੂਨੀਵਰਸਿਟੀ ਦੇ ਗ੍ਰੈਜੂਏਟਾਂ ਦੀ ਨਿਯੁਕਤੀ ਵਿੱਚ ਸਹਾਇਤਾ ਕਰਨਾ; ਅਤੇ

(ਕ) ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀਆਂ ਨਾਲ ਸੰਪਰਕ ਸੰਗਠਤ ਕਰਨਾ ਅਤੇ ਬਣਾਈ ਰੱਖਣਾ।

(3) ਉਹ ਯੂਨੀਵਰਸਿਟੀ ਦੀਆਂ ਸਾਰੀਆਂ ਇਮਾਰਤਾਂ, ਹਰੇ ਘਾਹ ਦੇ ਮੈਦਾਨ, ਬਗੀਚਿਆਂ, ਖੇਡ ਦੇ ਮੈਦਾਨਾਂ ਅਤੇ ਹੋਰ ਸੰਪੱਤੀਆਂ ਦੀ ਸੰਭਾਲ, ਰੱਖ-ਰਖਾਅ ਅਤੇ ਪ੍ਰਬੰਧਨ ਲਈ ਜ਼ਿੰਮੇਵਾਰ ਹੋਵੇਗਾ।

ਕਾਲਜ ਦਾ ਡੀਨ।

21. (1) ਕਾਲਜ ਦਾ ਇੱਕ ਡੀਨ ਹੋਵੇਗਾ, ਜੋ ਪੂਰਨ ਕਾਲੀ ਅਧਿਕਾਰੀ ਹੋਵੇਗਾ ਅਤੇ ਬੋਰਡ ਦੀ ਪ੍ਰਵਾਨਗੀ ਨਾਲ ਵਾਈਸ-ਚਾਂਸਲਰ ਦੁਆਰਾ ਨਿਯੁਕਤ ਕੀਤਾ ਜਾਵੇਗਾ।

(2) ਡੀਨ ਕਾਲਜ ਨਾਲ ਸਬੰਧਤ ਸਾਰੇ ਮਾਮਲਿਆਂ ਲਈ ਵਾਈਸ-ਚਾਂਸਲਰ ਪ੍ਰਤੀ ਜ਼ਿੰਮੇਵਾਰ ਹੋਵੇਗਾ।

(3) ਡੀਨ ਕਾਲਜ ਦੇ ਸੰਗਠਨ ਅਤੇ ਰਿਹਾਇਸ਼ੀ ਸਿੱਖਿਆ-ਦੀਖਿਆ ਦੇ ਸੰਗਠਨ ਅਤੇ ਸੰਚਾਲਨ ਲਈ ਜ਼ਿੰਮੇਵਾਰ ਹੋਵੇਗਾ।

(4) ਪੋਸਟ ਗ੍ਰੈਜੂਏਟ ਅਧਿਐਨ ਦਾ ਡੀਨ ਪੋਸਟ ਗ੍ਰੈਜੂਏਟ ਰਿਹਾਇਸ਼ੀ ਸਿੱਖਿਆ-ਦੀਖਿਆ ਦੇ ਸੰਗਠਨ ਅਤੇ ਸੰਚਾਲਨ ਲਈ ਜ਼ਿੰਮੇਵਾਰ ਹੋਵੇਗਾ।

(5) ਡੀਨ ਸਿੱਖਿਆ, ਖੋਜ ਅਤੇ ਰੁਜ਼ਗਾਰ ਲਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਜਾਂ ਏਜੰਸੀਆਂ ਜਾਂ ਵਿਅਕਤੀਆਂ ਨਾਲ ਸੰਪਰਕ ਅਧਿਕਾਰੀ ਵਜੋਂ ਕਾਰਜ ਕਰੇਗਾ।

22. (1) ਯੂਨੀਵਰਸਿਟੀ ਦਾ ਲਾਇਬ੍ਰੇਰੀਅਨ, ਵਾਈਸ-ਚਾਂਸਲਰ ਦੁਆਰਾ ਬੋਰਡ ਲਾਇਬ੍ਰੇਰੀਅਨ। ਦੀ ਪ੍ਰਵਾਨਗੀ ਨਾਲ ਨਿਯੁਕਤ ਕੀਤਾ ਜਾਵੇਗਾ ਅਤੇ ਉਹ ਲਾਇਬ੍ਰੇਰੀ ਦਾ ਇੰਚਾਰਜ ਹੋਵੇਗਾ।

(2) ਲਾਇਬ੍ਰੇਰੀਅਨ ਲਾਇਬ੍ਰੇਰੀ ਨਾਲ ਸਬੰਧਤ ਸਾਰੇ ਮਾਮਲਿਆਂ ਲਈ ਵਾਈਸ-ਚਾਂਸਲਰ ਪ੍ਰਤੀ ਜ਼ਿੰਮੇਵਾਰ ਹੋਵੇਗਾ।

23. (1) ਅਕਾਦਮਿਕ ਕੌਂਸਲ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਕਾਦਮਿਕ ਕੌਂਸਲ ਦਾ ਗਠਨ। ਅਰਥਾਤ:-

(ੳ) ਵਾਈਸ-ਚਾਂਸਲਰ;

(ਅ) ਕਾਲਜ/ਕਾਲਜਾਂ ਦੇ ਡੀਨ/ਡੀਨ;

(ੲ) ਡੀਨ, ਪੋਸਟ-ਗ੍ਰੈਜੂਏਟ ਅਧਿਐਨ;

(ਸ) ਪਸਾਰ ਸਿੱਖਿਆ ਨਿਰਦੇਸ਼ਕ;

(ਹ) ਖੋਜ ਨਿਰਦੇਸ਼ਕ; ਅਤੇ

(ਕ) ਕਾਲਜਾਂ ਦੇ ਵਿਭਾਗਾਂ ਦੇ ਪੰਜ ਸਭ ਤੋਂ ਸੀਨੀਅਰ ਮੁਖੀ ਜਿਨ੍ਹਾਂ ਨੂੰ ਉਨ੍ਹਾਂ ਦੇ ਸਬੰਧਤ ਡੀਨਾਂ ਦੁਆਰਾ ਨਾਮਜ਼ਦ ਕੀਤਾ ਜਾਣਾ ਹੈ।

(2) ਉਪ-ਧਾਰਾ (1) ਦੇ ਖੰਡ (ਕ) ਵਿੱਚ ਉਲਿਖਤ ਕੀਤੇ ਗਏ ਮੈਂਬਰਾਂ ਦੇ ਅਹੁਦੇ ਦੀ ਅਉਧ ਦੋ ਸਾਲ ਹੋਵੇਗੀ।

ਅਕਾਦਮਿਕ ਕੌਂਸਲ ਦੀਆਂ ਸ਼ਕਤੀਆਂ।

24. (1) ਅਕਾਦਮਿਕ ਕੌਂਸਲ ਯੂਨੀਵਰਸਿਟੀ ਦੇ ਅਕਾਦਮਿਕ ਮਾਮਲਿਆਂ ਦੀ ਇੰਚਾਰਜ ਹੋਵੇਗੀ ਅਤੇ ਇਸ ਐਕਟ ਅਤੇ ਪ੍ਰਵਿਧਾਨਾਂ ਦੇ ਉਪਬੰਧਾਂ ਦੇ ਤਾਬੇ, ਨਿਗਰਾਨੀ, ਨਿਰਦੇਸ਼ਨ ਅਤੇ ਕੰਟਰੋਲ ਕਰੇਗੀ, ਅਤੇ ਡਿਗਰੀ ਪ੍ਰਾਪਤ ਕਰਨ ਮੁਤੱਲਕ ਸਿੱਖਿਆ-ਦੀਖਿਆ, ਸਿੱਖਿਆ ਅਤੇ ਪ੍ਰੀਖਿਆਵਾਂ ਦੇ ਮਿਆਰ ਕਾਇਮ ਰੱਖਣ ਲਈ ਅਤੇ ਹੋਰ ਮਾਮਲਿਆਂ ਲਈ ਜ਼ਿੰਮੇਵਾਰ ਹੋਵੇਗੀ ਅਤੇ ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰੇਗੀ ਅਤੇ ਅਜਿਹੇ ਹੋਰ ਕਰਤੱਵ ਨਿਭਾਵੇਗੀ, ਜੋ ਮੁਕੱਰਰ ਕੀਤੇ ਜਾਣ।

(2) ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਕਾਦਮਿਕ ਕੌਂਸਲ ਕੋਲ ਇਹ ਸ਼ਕਤੀ ਹੋਵੇਗੀ-

(ੳ) ਲਾਇਬ੍ਰੇਰੀ ਦੇ ਕੰਟਰੋਲ ਅਤੇ ਪ੍ਰਬੰਧਨ ਸਮੇਤ ਸਾਰੇ ਅਕਾਦਮਿਕ ਮਾਮਲਿਆਂ ਤੇ ਵਾਈਸ-ਚਾਂਸਲਰ ਨੂੰ ਸਲਾਹ ਦੇਣਾ;

(ਅ) ਆਪਣੀਆਂ ਇਕੱਤਰਤਾਵਾਂ ਵਿੱਚ ਅਜਿਹੇ ਵਿਭਾਗਾਂ ਦੇ ਮੁਖੀਆਂ ਨੂੰ ਕੋਆਪਟ ਕਰਨਾ, ਜਿਵੇਂ ਇਹ ਜ਼ਰੂਰੀ ਸਮਝੇ;

(ੲ) ਪ੍ਰੋਫੈਸਰਸ਼ਿਪਾਂ, ਐਸੋਸੀਏਟ ਪ੍ਰੋਫੈਸਰਸ਼ਿਪਾਂ, ਅਸਿਸਟੈਂਟ ਪ੍ਰੋਫੈਸਰਸ਼ਿਪਾਂ ਅਤੇ ਅਧਿਆਪਕਸ਼ਿਪਾਂ ਅਤੇ ਹੋਰ ਅਧਿਆਪਨ ਅਸਾਮੀਆਂ ਸੰਸਥਤ ਕਰਨ ਲਈ ਅਤੇ ਉਨ੍ਹਾਂ ਦੇ ਕਰਤੱਵਾਂ ਅਤੇ ਉਪਲੱਭਤਾਂ ਬਾਬਤ ਵਾਈਸ-ਚਾਂਸਲਰ ਨੂੰ ਸਿਫਾਰਸ਼ਾਂ ਕਰਨਾ;

(ਸ) ਅਧਿਆਪਨ, ਖੋਜ ਅਤੇ ਵਿਸਤਾਰ ਵਿਭਾਗਾਂ ਦੇ ਗਠਨ ਜਾਂ ਪੁਨਰਗਠਨ ਲਈ ਸਕੀਮਾਂ ਤਿਆਰ ਕਰਨਾ, ਰੂਪ ਭੇਦ ਕਰਨਾ ਜਾਂ ਸੋਧਣਾ;

(ਹ) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦੇ ਦਾਖਲੇ ਸੰਬੰਧੀ ਵਿਨਿਯਮ ਬਣਾਉਣਾ;

(ਕ) ਯੂਨੀਵਰਸਿਟੀ ਦੁਆਰਾ ਕਰਵਾਈਆਂ ਜਾਣ ਵਾਲੀਆਂ ਪ੍ਰੀਖਿਆਵਾਂ ਅਤੇ ਉਹਨਾਂ ਸ਼ਰਤਾਂ ਨੂੰ ਜਿਨ੍ਹਾਂ 'ਤੇ ਵਿਦਿਆਰਥੀਆਂ ਨੂੰ ਅਜਿਹੀਆਂ ਪ੍ਰੀਖਿਆਵਾਂ ਵਿੱਚ ਦਾਖਲਾ ਦਿੱਤਾ ਜਾਵੇਗਾ, ਸਬੰਧੀ ਵਿਨਿਯਮ ਬਣਾਉਣਾ;

(ਖ) ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟਾਂ ਵੱਲ ਲੈ ਜਾਣ ਵਾਲੇ ਅਧਿਐਨ ਦੇ ਕੋਰਸਾਂ ਨਾਲ ਸਬੰਧਤ ਵਿਨਿਯਮ ਬਣਾਉਣੇ;

(ਗ) ਪੋਸਟ-ਗ੍ਰੈਜੂਏਟ ਅਧਿਆਪਨ, ਖੋਜ ਅਤੇ ਵਿਸਤਾਰ ਬਾਬਤ ਸਿਫਾਰਸ਼ਾਂ ਕਰਨਾ;

(ਘ) ਯੂਨੀਵਰਸਿਟੀ ਵਿੱਚ ਅਧਿਆਪਕਾਂ ਲਈ ਮੁਕੱਰਰ ਕੀਤੀਆਂ ਜਾਣ ਵਾਲੀਆਂ ਯੋਗਤਾਵਾਂ ਬਾਬਤ ਸਿਫਾਰਸ਼ਾਂ ਕਰਨਾ; ਅਤੇ

(ਙ) ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰਨਾ ਅਤੇ ਅਜਿਹੇ ਹੋਰ ਕਰਤੱਵ ਨਿਭਾਉਣਾ, ਜੋ ਇਸ ਐਕਟ ਦੇ ਉਪਬੰਧਾਂ ਦੁਆਰਾ ਜਾਂ ਅਧੀਨ ਇਸ ਨੂੰ ਪ੍ਰਦਾਨ ਕੀਤੇ ਜਾਂ ਅਰੋਪੇ ਜਾ ਸਕਦੇ ਹਨ।

## ਅਧਿਆਇ-IV

## ਕਾਲਜ ਅਤੇ ਸੰਸਥਾਵਾਂ

ਕਾਲਜ ਦੀ ਰਚਨਾ। 25. (1) ਕਾਲਜ ਵਿੱਚ ਅਜਿਹੇ ਵਿਭਾਗ ਸਮਾਵਿਸ਼ਟ ਹੋਣਗੇ, ਜਿਵੇਂ ਮੁਕੱਰਰ ਕੀਤਾ ਜਾਵੇ।

(2) ਹਰੇਕ ਵਿਭਾਗ ਦਾ ਇੱਕ ਮੁਖੀ ਹੋਵੇਗਾ, ਜੋ ਰਿਹਾਇਸ਼ੀ ਸਿੱਖਿਆ-ਦੀਖਿਆ ਲਈ, ਡੀਨ ਪ੍ਰਤੀ; ਖੋਜ ਲਈ, ਖੋਜ ਨਿਰਦੇਸ਼ਕ ਪ੍ਰਤੀ; ਅਤੇ ਵਿਸਤਾਰ ਸਿੱਖਿਆ ਲਈ, ਨਿਰਦੇਸ਼ਕ ਵਿਸਤਾਰ ਸਿੱਖਿਆ ਪ੍ਰਤੀ ਜ਼ਿੰਮੇਵਾਰ ਹੋਵੇਗਾ।

(3) ਹਰੇਕ ਵਿਭਾਗ ਦੇ ਮੁਖੀ ਦੀ ਵਾਈਸ-ਚਾਂਸਲਰ ਦੁਆਰਾ ਚੋਣ ਕੀਤੀ ਜਾਵੇਗੀ ਅਤੇ ਬੋਰਡ ਦੀ ਪ੍ਰਵਾਨਗੀ ਨਾਲ ਉਸ ਦੁਆਰਾ ਨਿਯੁਕਤ ਕੀਤਾ ਜਾਵੇਗਾ।

(4) ਵਿਭਾਗਾਂ ਦੇ ਮੁਖੀਆਂ ਦੇ ਕਰਤੱਵ, ਸ਼ਕਤੀਆਂ ਅਤੇ ਕਾਜਕਾਰ ਅਜਿਹੇ ਹੋਣਗੇ ਜੋ ਮੁਕੱਰਰ ਕੀਤੇ ਜਾਣ।

26. ਇਸ ਐਕਟ ਅਤੇ ਪ੍ਰਵਿਧਾਨਾਂ ਦੇ ਉਪਬੰਧਾਂ ਦੇ ਤਾਬੇ, ਰਾਜ ਵਿੱਚ ਸਲੋਤਰੀ, ਪਸ਼ੂ ਵਿਗਿਆਨ ਅਤੇ ਮੱਛੀ ਪਾਲਣ ਸੰਸਥਾਵਾਂ ਯੂਨੀਵਰਸਿਟੀ ਨਾਲ ਸੰਬੱਧਤ ਹੋਣਗੀਆਂ, ਜੋ ਮੂਲ ਅਤੇ ਵਿਹਾਰਕ ਖੋਜ ਦੋਵਾਂ ਲਈ ਜ਼ਿੰਮੇਵਾਰ ਹੋਣਗੀਆਂ। ਸਲੋਤਰੀ,ਪਸ਼ੂ ਵਿਗਿਆਨ ਅਤੇ ਮੱਛੀ ਪਾਲਣ ਸੰਸਥਾਵਾਂ।

27. (1) ਯੂਨੀਵਰਸਿਟੀ ਵਿੱਚ ਇੱਕ ਖੋਜ ਨਿਰਦੇਸ਼ਕ ਹੋਵੇਗਾ, ਜੋ ਵਾਈਸ-ਚਾਂਸਲਰ ਪ੍ਰਤੀ ਜ਼ਿੰਮੇਵਾਰ ਹੋਵੇਗਾ ਅਤੇ ਜਿਸਨੂੰ ਵਾਈਸ-ਚਾਂਸਲਰ ਦੁਆਰਾ ਡੀਨ ਨਾਲ ਮਸ਼ਵਰਾ ਕਰਕੇ ਅਤੇ ਬੋਰਡ ਦੀ ਪ੍ਰਵਾਨਗੀ ਨਾਲ ਨਿਯੁਕਤ ਕੀਤਾ ਜਾਵੇਗਾ। ਖੋਜ ਨਿਰਦੇਸ਼ਕ।

(2) ਖੋਜ ਨਿਰਦੇਸ਼ਕ ਸਲੋਤਰੀ ਅਤੇ ਪਸ਼ੂ ਵਿਗਿਆਨ ਵਿੱਚ ਸਿਖਲਾਈ ਪ੍ਰਾਪਤ ਪੂਰਨ ਕਾਲੀ ਅਧਿਕਾਰੀ ਹੋਵੇਗਾ ਅਤੇ ਉਹ ਯੂਨੀਵਰਸਿਟੀ ਅਤੇ ਇਸ ਦੀਆਂ ਸੰਸਥਾਵਾਂ ਦੇ ਖੋਜ ਪ੍ਰੋਗਰਾਮਾਂ ਨੂੰ ਸ਼ੁਰੂ, ਅਗਵਾਈ ਅਤੇ ਤਾਲਮੇਲ ਕਰੇਗਾ।

28. (1) ਯੂਨੀਵਰਸਿਟੀ- ਸਿੱਖਿਆ ਪਸਾਰ।

(ੳ) ਸਲੋਤਰੀ, ਪਸ਼ੂ ਪਾਲਣ ਅਤੇ ਮੱਛੀ ਪਾਲਣ ਵਿਸਤਾਰ ਕਾਜਕਾਰਾਂ, ਜੋ ਮੁੱਖ ਤੌਰ 'ਤੇ ਸਿੱਖਿਅਕ ਪ੍ਰਕਿਰਤੀ ਦੇ ਹਨ; ਅਤੇ

(ਅ) ਰਾਸ਼ਟਰੀ ਵਿਸਤਾਰ ਬਲਾਕਾਂ ਲਈ ਵਿਸਤਾਰ ਅਧਿਕਾਰੀਆਂ ਅਤੇ ਵਿਸਤਾਰ ਸਿਖਲਾਈ ਕੇਂਦਰਾਂ ਲਈ ਇੰਸਟ੍ਰਕਟਰਾਂ ਨੂੰ ਸਿਖਲਾਈ ਦੇਣ, ਲਈ ਜ਼ਿੰਮੇਵਾਰ ਹੋਵੇਗੀ।

(2) ਕਿਸੇ ਵਿਸ਼ੇ ਵਸਤੂ ਦੇ ਸੰਬੰਧ ਵਿੱਚ, ਸਾਰੇ ਪਸਾਰ ਵਿਸ਼ੇਸ਼ਗ, ਯੂਨੀਵਰਸਿਟੀ ਵਿੱਚ ਆਪਣੇ-ਆਪਣੇ ਵਿਸ਼ਾ ਵਸਤੂ ਅਨੁਭਾਗਾਂ ਦੇ ਸਟਾਫ਼ ਦੇ ਮੈਂਬਰ ਹੋਣਗੇ ਅਤੇ ਪਸ਼ੂ-ਪਾਲਣ, ਮੱਛੀ-ਪਾਲਣ, ਡੇਅਰੀ ਵਿਕਾਸ ਅਤੇ ਸਹਿਕਾਰੀ ਵਿਭਾਗਾਂ ਨਾਲ ਤਾਲਮੇਲ ਕਰਕੇ ਕੰਮ ਕਰਨਗੇ।

(3) ਨਿਰਦੇਸ਼ਕ, ਪਸਾਰ ਸਿੱਖਿਆ ਸਲੋਤਰੀ ਅਤੇ ਪਸ਼ੂ ਵਿਗਿਆਨ ਵਿੱਚ ਤਕਨੀਕੀ ਤੌਰ ਤੇ ਸਿਖਲਾਈ ਪ੍ਰਾਪਤ ਇੱਕ ਪੂਰਨ ਕਾਲੀ ਅਧਿਕਾਰੀ ਹੋਵੇਗਾ, ਅਤੇ ਉਹ ਵਾਈਸ-ਚਾਂਸਲਰ ਦੁਆਰਾ ਡੀਨ ਨਾਲ ਮਸ਼ਵਰਾ ਕਰਕੇ ਅਤੇ ਬੋਰਡ ਦੀ ਪ੍ਰਵਾਨਗੀ ਨਾਲ ਨਿਯੁਕਤ ਕੀਤਾ ਜਾਵੇਗਾ।

(4) ਨਿਰਦੇਸ਼ਕ ਪਸਾਰ ਸਿੱਖਿਆ ਵਾਈਸ-ਚਾਂਸਲਰ ਪ੍ਰਤੀ ਜ਼ਿੰਮੇਵਾਰ ਹੋਵੇਗਾ ਅਤੇ ਕਿਸਾਨਾਂ ਅਤੇ ਘਰੇਲੂ ਔਰਤਾਂ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਿਗਿਆਨਕ ਜਾਂਚਾਂ ਦੇ ਨਤੀਜਿਆਂ ਨੂੰ ਲਾਗੂ ਕਰਨ ਵਿੱਚ ਸਹਾਇਤਾ ਕਰਨ ਲਈ ਪ੍ਰੋਗਰਾਮ ਤਿਆਰ ਕਰੇਗਾ।

## ਅਧਿਆਇ-V

## ਸੇਵਾਵਾਂ

ਸੇਵਾਮੁਕਤੀ ਅਤੇ ਸੇਵਾ ਦੀਆਂ ਹੋਰ ਸ਼ਰਤਾਂ।

29. ਯੂਨੀਵਰਸਿਟੀ ਦੇ ਹਰੇਕ ਅਧਿਕਾਰੀ, ਅਧਿਆਪਕ ਜਾਂ ਹੋਰ ਕਰਮਚਾਰੀ ਦੀ ਸੇਵਾਮੁਕਤੀ ਦੀ ਉਮਰ ਅਤੇ ਸੇਵਾ ਦੀਆਂ ਹੋਰ ਸ਼ਰਤਾਂ ਅਜਿਹੀਆਂ ਹੋਣਗੀਆਂ, ਜੋ ਮੁਕੱਰਰ ਕੀਤੀਆਂ ਜਾਣ।

30. ਯੂਨੀਵਰਸਿਟੀ ਆਪਣੇ ਅਧਿਕਾਰੀਆਂ, ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਦੇ ਲਾਭ ਲਈ ਗ੍ਰੈਚੁਟੀ ਅਤੇ ਪ੍ਰਾਵੀਡੈਂਟ ਫੰਡ, ਅਜਿਹੇ ਤਰੀਕੇ ਨਾਲ ਅਤੇ ਅਜਿਹੀਆਂ ਸ਼ਰਤਾਂ ਦੇ ਤਾਬੇ, ਸਥਾਪਤ ਕਰੇਗੀ, ਜੋ ਮੁਕੱਰਰ ਕੀਤੀਆਂ ਜਾਣ। ਪ੍ਰਾਵੀਡੈਂਟ ਫੰਡ।

31. ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਯੂਨੀਵਰਸਿਟੀ ਦੇ ਤਕਨੀਕੀ ਸਟਾਫ਼ ਦੇ ਮੈਂਬਰਾਂ ਦੀ ਵਿਭਾਗ ਦੇ ਮੁਖੀ ਦੁਆਰਾ ਸਬੰਧਤ ਵਿਭਾਗ ਦੇ ਮੈਂਬਰਾਂ ਨਾਲ ਮਸ਼ਵਰਾ ਕਰਕੇ ਚੋਣ ਕੀਤੀ ਜਾਵੇਗੀ, ਜੋ ਅੱਗੇ ਡੀਨ ਜਾਂ ਖੋਜ ਨਿਰਦੇਸ਼ਕ ਜਾਂ ਨਿਰਦੇਸ਼ਕ ਪਸਾਰ ਸਿੱਖਿਆ, ਜਿਹੀ ਕਿ ਸੂਰਤ ਹੋਵੇ, ਦੁਆਰਾ ਸਿਫਾਰਸ਼ ਕੀਤੇ ਜਾਣਗੇ ਅਤੇ ਬੋਰਡ ਦੀ ਪ੍ਰਵਾਨਗੀ ਨਾਲ ਵਾਈਸ-ਚਾਂਸਲਰ ਦੁਆਰਾ ਨਿਯੁਕਤ ਕੀਤੇ ਜਾਣਗੇ। ਤਕਨੀਕੀ ਸਟਾਫ ਦੀ ਨਿਯੁਕਤੀ ।

32. ਵਾਈਸ-ਚਾਂਸਲਰ, ਅਜਿਹੇ ਸਮੇਂ ਤੱਕ ਜਦੋਂ ਤੱਕ ਯੂਨੀਵਰਸਿਟੀ ਦੀਆਂ ਅਥਾਰਟੀਆਂ ਦਾ ਠੀਕ ਤੌਰ ਤੇ ਗਠਨ ਨਹੀਂ ਹੋ ਜਾਂਦਾ, ਯੂਨੀਵਰਸਿਟੀ ਦੇ ਕਿਸੇ ਵੀ ਅਧਿਕਾਰੀ ਨੂੰ ਅਸਥਾਈ ਤੌਰ 'ਤੇ ਨਿਯੁਕਤ ਕਰ ਸਕੇਗਾ ਜਿਸਨੂੰ ਇਸ ਐਕਟ ਦੁਆਰਾ ਨਿਯੁਕਤ ਕਰਨ ਲਈ ਅਧਿਕਾਰਤ ਕੀਤਾ ਗਿਆ ਹੈ। ਅਸਥਾਈ ਪ੍ਰਬੰਧ।

## ਅਧਿਆਇ-VI।

## ਪ੍ਰਵਿਧਾਨ ਅਤੇ ਵਿਨਿਯਮ

33. ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਪ੍ਰਵਿਧਾਨ ਹੇਠ-ਲਿਖੇ ਮਾਮਲਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:- ਪ੍ਰਵਿਧਾਨ।

(ੳ) ਯੂਨੀਵਰਸਿਟੀ ਦੀਆਂ ਅਥਾਰਟੀਆਂ ਦਾ ਗਠਨ, ਸ਼ਕਤੀਆਂ ਅਤੇ ਕਰਤੱਵ;

(ਅ) ਯੂਨੀਵਰਸਿਟੀ ਦੀਆਂ ਅਥਾਰਟੀਆਂ ਦੇ ਮੈਂਬਰਾਂ ਅਤੇ ਯੂਨੀਵਰਸਿਟੀ ਦੇ ਅਧਿਕਾਰੀਆਂ, ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਦੀ ਚੋਣ, ਨਿਯੁਕਤੀ ਅਤੇ ਅਹੁਦੇ 'ਤੇ ਬਣੇ ਰਹਿਣਾ, ਜਿਸ ਵਿੱਚ ਅਸਾਮੀਆਂ ਨੂੰ ਭਰਨਾ ਅਤੇ ਇਨ੍ਹਾਂ ਅਥਾਰਟੀਆਂ ਅਤੇ ਅਧਿਕਾਰੀਆਂ, ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਨਾਲ ਸਬੰਧਤ ਹੋਰ ਸਾਰੇ ਮਾਮਲੇ ਸ਼ਾਮਲ ਹਨ ਜਿਨ੍ਹਾਂ ਲਈ ਇਹ ਉਪਬੰਧ ਕਰਨਾ ਜ਼ਰੂਰੀ ਜਾਂ ਵਾਂਛਣੀ ਹੋਵੇ;

(ੲ) ਯੂਨੀਵਰਸਿਟੀ ਦੇ ਅਧਿਕਾਰੀਆਂ ਦਾ ਅਹੁਦਾ, ਨਿਯੁਕਤੀ ਦਾ ਤਰੀਕਾ, ਸ਼ਕਤੀਆਂ ਅਤੇ ਕਰਤੱਵ;

(ਸ) ਅਧਿਆਪਕਾਂ ਦਾ ਵਰਗੀਕਰਨ ਅਤੇ ਨਿਯੁਕਤੀ ਦਾ ਤਰੀਕਾ;

(ਹ) ਯੂਨੀਵਰਸਿਟੀ ਦੇ ਅਧਿਕਾਰੀਆਂ, ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਦੇ ਲਾਭ ਲਈ ਗ੍ਰੈਚੁਟੀ ਜਾਂ ਪ੍ਰਾਵੀਡੈਂਟ ਫ਼ੰਡ ਜਾਂ ਦੋਵਾਂ ਦਾ ਗਠਨ;

(ਕ) ਡਿਗਰੀਆਂ ਅਤੇ ਡਿਪਲੋਮਿਆਂ ਦਾ ਸਥਾਪਣ;

(ਖ) ਮਾਨ-ਅਰਥ ਡਿਗਰੀਆਂ ਪ੍ਰਦਾਨ ਕਰਨਾ;

(ਗ) ਯੂਨੀਵਰਸਿਟੀ ਦੇ ਵਿਭਾਗਾਂ ਦੀ ਸਥਾਪਨਾ, ਰਲੇਵਾਂ, ਉਪ-ਵਿਭਾਜਨ ਅਤੇ ਅੰਤਕਰਣ;

(ਘ) ਯੂਨੀਵਰਸਿਟੀ ਦੁਆਰਾ ਕਾਇਮ ਰੱਖੇ ਜਾਂਦੇ ਹੋਸਟਲਾਂ ਦੀ ਸਥਾਪਨਾ ਅਤੇ ਅੰਤਕਰਣ;

(ਙ) ਫੈਲੋਸ਼ਿਪਾਂ, ਸਕਾਲਰਸ਼ਿਪਾਂ, ਮੈਡਲਾਂ ਅਤੇ ਇਨਾਮਾਂ ਦਾ ਸਥਾਪਣ;

(ਚ) ਗ੍ਰੈਜੂਏਟਾਂ ਦੇ ਰਜਿਸਟਰ ਦੀ ਸਾਂਭ-ਸੰਭਾਲ;

(ਛ) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦਾ ਦਾਖਲਾ ਅਤੇ ਉਨ੍ਹਾਂ ਦੇ ਨਾਂ ਦਰਜ ਕਰਨਾ ਅਤੇ ਇਸ ਤਰ੍ਹਾਂ ਜਾਰੀ ਰਹਿਣਾ;

(ਜ) ਯੂਨੀਵਰਸਿਟੀ ਦੀਆਂ ਡਿਗਰੀਆਂ ਅਤੇ ਡਿਪਲੋਮਿਆਂ ਲਈ ਕਥਤ ਕੀਤੇ ਜਾਣ ਵਾਲੇ ਅਧਿਐਨ ਦੇ ਕੋਰਸ;

(ਝ) ਉਹ ਸ਼ਰਤਾਂ ਜਿਨ੍ਹਾਂ ਅਧੀਨ ਵਿਦਿਆਰਥੀਆਂ ਨੂੰ ਡਿਗਰੀ, ਡਿਪਲੋਮਾ ਜਾਂ ਹੋਰ ਕੋਰਸਾਂ ਵਿੱਚ ਦਾਖਲਾ ਦਿੱਤਾ ਜਾਵੇਗਾ ਅਤੇ ਉਹ ਤਰੀਕਾ ਜਿਸ ਨਾਲ ਪ੍ਰੀਖਿਆਵਾਂ ਆਯੋਜਿਤ ਕੀਤੀਆਂ ਜਾਣੀਆਂ ਹਨ ਅਤੇ ਡਿਗਰੀਆਂ ਅਤੇ ਡਿਪਲੋਮੇ ਪ੍ਰਦਾਨ ਕਰਨ ਲਈ ਪਾਤਰਤਾ;

(ਞ) ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਰਿਹਾਇਸ਼ ਦੀਆਂ ਸ਼ਰਤਾਂ ਅਤੇ ਯੂਨੀਵਰਸਿਟੀ ਦੁਆਰਾ ਸੰਭਾਲੇ ਜਾਂਦੇ ਹੋਸਟਲਾਂ ਵਿੱਚ ਰਿਹਾਇਸ਼ ਲਈ ਫੀਸਾਂ ਲਗਾਉਣਾ;

(ਟ) ਯੂਨੀਵਰਸਿਟੀ ਦੁਆਰਾ ਨਾ ਸੰਭਾਲੇ ਜਾਂਦੇ ਹੋਸਟਲਾਂ ਦੀ ਮਾਨਤਾ ਅਤੇ ਨਿਗਰਾਨੀ;

(ਠ) ਯੂਨੀਵਰਸਿਟੀ ਦੇ ਅਧਿਕਾਰੀਆਂ, ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਦੀ ਗਿਣਤੀ, ਕਾਬਲੀਅਤਾਂ, ਉਪਲੱਭਤਾਂ ਅਤੇ ਸੇਵਾ

ਦੀਆਂ ਹੋਰ ਸ਼ਰਤਾਂ ਅਤੇ ਉਨ੍ਹਾਂ ਦੀਆਂ ਸੇਵਾਵਾਂ ਅਤੇ ਸਰਗਰਮੀਆਂ ਦਾ ਰਿਕਾਰਡ ਤਿਆਰ ਕਰਨਾ ਅਤੇ ਸੰਭਾਲਣਾ;

(ਡ) ਫ਼ੀਸਾਂ ਜੋ ਯੂਨੀਵਰਸਿਟੀ ਦੁਆਰਾ ਚਾਰਜ ਕੀਤੀਆਂ ਜਾਣ;

(ਢ) ਯੂਨੀਵਰਸਿਟੀ ਦੇ ਕਾਰੋਬਾਰ ਵਿੱਚ ਨਿਯੋਜਤ ਵਿਅਕਤੀਆਂ ਨੂੰ ਦਿੱਤੇ ਜਾਣ ਵਾਲੇ ਮਿਹਨਤਾਨੇ ਅਤੇ ਭੱਤੇ, ਜਿਨ੍ਹਾਂ ਵਿੱਚ ਯਾਤਰਾ ਅਤੇ ਰੋਜ਼ਾਨਾ ਭੱਤੇ ਸ਼ਾਮਲ ਹਨ;

(ਣ) ਫੈਲੋਸ਼ਿਪਾਂ, ਸਕਾਲਰਸ਼ਿਪਾਂ, ਮੈਡਲਾਂ ਅਤੇ ਇਨਾਮਾਂ, ਵਜ਼ੀਫਿਆਂ ਅਤੇ ਫੀਸ ਰਿਆਇਤਾਂ ਦੇਣ ਲਈ ਸ਼ਰਤਾਂ; ਅਤੇ

(ਤ) ਹੋਰ ਸਾਰੇ ਮਾਮਲੇ, ਜੋ ਇਸ ਐਕਟ ਅਧੀਨ, ਪ੍ਰਵਿਧਾਨਾਂ ਦੁਆਰਾ ਪ੍ਰਬੰਧ ਕੀਤੇ ਜਾਣੇ ਹਨ ਜਾਂ ਕੀਤੇ ਜਾ ਸਕਦੇ ਹਨ।

ਪ੍ਰਵਿਧਾਨ ਕਿਵੇਂ ਬਣਾਏ ਜਾਣੇ ਹਨ।

34. (1) ਪੰਜਾਬ ਖੇਤੀਬਾੜੀ ਯੂਨੀਵਰਸਿਟੀ ਐਕਟ, 1970 ਅਧੀਨ ਬਣਾਏ ਗਏ ਅਤੇ ਇਸ ਐਕਟ ਦੇ ਅਰੰਭ ਹੋਣ ਤੋਂ ਤੁਰੰਤ ਪਹਿਲਾਂ ਨਾਫ਼ਜ਼ ਪ੍ਰਵਿਧਾਨ, ਜਿੱਥੋਂ ਤੱਕ ਉਹ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਹੀਂ ਹਨ, ਅਤੇ ਅਜਿਹੇ ਅਨੁਕੂਲਨ ਅਤੇ ਰੂਪਭੇਦਾਂ ਦੇ ਤਾਬੇ, ਜੋ ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤੇ ਜਾਣ, ਯੂਨੀਵਰਸਿਟੀ ਦੇ ਪਹਿਲੇ ਪ੍ਰਵਿਧਾਨ ਹੋਣਗੇ।

(2) ਬੋਰਡ, ਸਮੇਂ-ਸਮੇਂ 'ਤੇ, ਨਵੇਂ ਜਾਂ ਵਾਧੂ ਪ੍ਰਵਿਧਾਨ ਬਣਾ ਸਕਦਾ ਹੈ ਅਤੇ ਉਹਨਾਂ ਨੂੰ ਸੋਧ ਜਾਂ ਨਿਰਸਤ ਕਰ ਸਕੇਗਾ।

(3) ਅਕਾਦਮਿਕ ਕੌਂਸਲ ਬੋਰਡ ਨੂੰ ਪ੍ਰਵਿਧਾਨਾਂ ਦਾ ਖਰੜਾ ਤਜਵੀਜ਼ ਕਰ ਸਕੇਗੀ ਅਤੇ ਅਜਿਹਾ ਖਰੜਾ ਬੋਰਡ ਦੁਆਰਾ ਆਪਣੀ ਅਗਲੀ ਇਕੱਤਰਤਾ ਵਿੱਚ ਵਿਚਾਰਿਆ ਜਾਵੇਗਾ:

ਪਰੰਤੂ ਅਕਾਦਮਿਕ ਕੌਂਸਲ ਕਿਸੇ ਪ੍ਰਵਿਧਾਨ ਦਾ ਖਰੜਾ ਜਾਂ ਉਸ ਵਿੱਚ ਕੋਈ ਸੋਧ ਤਜਵੀਜ਼ ਨਹੀ ਕਰੇਗੀ, ਜੋ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਦੇ ਰੁਤਬੇ, ਸ਼ਕਤੀਆਂ ਜਾਂ ਗਠਨ ਨੂੰ ਪ੍ਰਭਾਵਿਤ ਕਰਦਾ ਹੋਵੇ, ਜਦੋਂ ਤੱਕ ਅਜਿਹੀ ਅਥਾਰਟੀ ਨੂੰ ਤਜਵੀਜ਼ 'ਤੇ ਆਪਣੀ ਰਾਏ ਪ੍ਰਗਟ ਕਰਨ ਦਾ ਅਵਸਰ ਨਾ ਦਿੱਤਾ ਗਿਆ ਹੋਵੇ, ਅਤੇ ਇਸ ਤਰ੍ਹਾਂ ਪ੍ਰਗਟ ਕੀਤੀ ਗਈ ਕੋਈ ਰਾਏ, ਬੋਰਡ ਦੁਆਰਾ ਵਿਚਾਰੀ ਜਾਵੇਗੀ।

(4) ਬੋਰਡ ਕਿਸੇ ਵੀ ਅਜਿਹੇ ਖਰੜੇ 'ਤੇ ਵਿਚਾਰ ਕਰ ਸਕੇਗਾ, ਜਿਵੇਂ ਉਪ-ਧਾਰਾ (3) ਵਿੱਚ ਹਵਾਲਾ ਦਿੱਤਾ ਗਿਆ ਹੈ ਅਤੇ, ਤਜਵੀਜ਼ਤ ਪ੍ਰਵਿਧਾਨਾਂ ਨੂੰ ਪਾਸ ਕਰ ਸਕਦਾ ਹੈ ਜਾਂ ਇਸਨੂੰ ਰੱਦ ਕਰ ਸਕਦਾ ਹੈ ਜਾਂ ਇਸਨੂੰ ਅਕਾਦਮਿਕ ਕੌਂਸਲ ਨੂੰ, ਜਾਂ ਤਾਂ ਪੂਰਨ ਤੌਰ ਤੇ ਜਾਂ ਅੰਸ਼ਕ ਤੌਰ ਤੇ, ਕਿਸੇ ਵੀ ਸੋਧ ਨਾਲ, ਜੋ ਇਹ ਸੁਝਾਏ, ਮੁੜ-ਵਿਚਾਰ ਲਈ ਵਾਪਸ ਕਰ ਸਕਦਾ ਹੈ।

(5) ਬੋਰਡ ਦਾ ਕੋਈ ਮੈਂਬਰ,–

(ੳ) ਬੋਰਡ ਨੂੰ ਕਿਸੇ ਪ੍ਰਵਿਧਾਨਾਂ ਦਾ ਖਰੜਾ ਤਜਵੀਜ਼ ਕਰ ਸਕੇਗਾ ਅਤੇ ਬੋਰਡ, ਜੇਕਰ ਇਹ ਕਿਸੇ ਅਜਿਹੇ ਮਾਮਲੇ ਨਾਲ ਸਬੰਧਤ ਹੈ ਜੋ ਅਕਾਦਮਿਕ ਕੌਂਸਲ ਦੇ ਅਧਿਕਾਰ-ਖੇਤਰ ਵਿੱਚ ਨਹੀਂ ਆਉਂਦਾ, ਤਜਵੀਜ਼ ਨੂੰ ਸਵੀਕਾਰ ਜਾਂ ਰੱਦ ਕਰ ਸਕੇਗਾ;

(ਅ) ਜੇਕਰ, ਅਜਿਹਾ ਖਰੜਾ ਕਿਸੇ ਅਜਿਹੇ ਮਾਮਲੇ ਨਾਲ ਸਬੰਧਤ ਹੈ, ਜੋ ਅਕਾਦਮਿਕ ਕੌਂਸਲ ਦੇ ਅਧਿਕਾਰ-ਖੇਤਰ ਵਿੱਚ ਹੈ, ਤਾਂ ਬੋਰਡ ਇਸਨੂੰ ਵਿਚਾਰਨ ਲਈ ਅਕਾਦਮਿਕ ਕੌਂਸਲ ਨੂੰ ਭੇਜੇਗਾ, ਜੋ ਜਾਂ ਤਾਂ ਬੋਰਡ ਨੂੰ ਰਿਪੋਰਟ ਕਰ ਸਕੇਗੀ ਕਿ ਉਹ ਤਜਵੀਜ਼ ਨੂੰ ਪ੍ਰਵਾਨ ਕਰਦੀ ਹੈ ਜਾਂ ਪ੍ਰਵਾਨ ਨਹੀਂ ਕਰਦੀ, ਜਿਸਨੂੰ ਤਦ ਬੋਰਡ ਦੁਆਰਾ ਰੱਦ ਕਰ ਦਿੱਤਾ ਗਿਆ ਸਮਝਿਆ ਜਾਵੇਗਾ ਜਾਂ ਖਰੜਾ ਬੋਰਡ ਨੂੰ ਅਜਿਹੇ ਰੂਪ ਵਿੱਚ ਪੇਸ਼ ਕਰ ਸਕੇਗੀ, ਜਿਵੇਂ ਅਕਾਦਮਿਕ ਕੌਂਸਲ, ਪ੍ਰਵਾਨ ਕਰੇ; ਅਤੇ

(ੲ) ਖੰਡ (ੳ) ਦੇ ਅਧੀਨ ਬੋਰਡ ਦੇ ਕਿਸੇ ਮੈਂਬਰ ਦੁਆਰਾ ਬੋਰਡ ਨੂੰ ਪੇਸ਼ ਕੀਤੇ ਗਏ ਖਰੜੇ ਦੇ ਮਾਮਲੇ ਵਿੱਚ ਖੰਡ (ਅ) ਦੇ ਉਪਬੰਧ ਲਾਗੂ ਹੋਣਗੇ, ਜਿਵੇਂ ਉਹ ਅਕਾਦਮਿਕ ਕੌਂਸਲ ਦੁਆਰਾ ਬੋਰਡ ਨੂੰ ਪੇਸ਼ ਕੀਤੇ ਗਏ ਖਰੜੇ ਦੇ ਮਾਮਲੇ ਵਿੱਚ ਲਾਗੂ ਹੁੰਦੇ ਹਨ।

ਵਿਨਿਯਮ।

35. (1) ਯੂਨੀਵਰਸਿਟੀ ਦੀ ਕੋਈ ਅਥਾਰਟੀ, ਇਸ ਐਕਟ ਅਤੇ ਪ੍ਰਵਿਧਾਨਾਂ ਦੇ ਸੰਗਤ ਹੇਠ-ਲਿਖਿਆਂ ਲਈ ਵਿਨਿਯਮ ਬਣਾ ਸਕੇਗੀ-

(ੳ) ਇਸਦੀਆਂ ਇਕੱਤਰਤਾਵਾਂ ਵਿੱਚ ਅਪਣਾਇਆ ਜਾਣ ਵਾਲਾ ਜ਼ਾਬਤਾ ਅਤੇ ਕੋਰਮ ਬਣਾਉਣ ਲਈ ਲੋੜੀਂਦੇ ਮੈਂਬਰਾਂ ਦੀ ਗਿਣਤੀ ਨਿਯਤ ਕਰਨਾ;

(ਅ) ਉਨ੍ਹਾਂ ਸਾਰੇ ਮਾਮਲਿਆਂ ਲਈ ਉਪਬੰਧ ਕਰਨਾ, ਜੋ ਇਸ ਐਕਟ ਅਤੇ ਪ੍ਰਵਿਧਾਨਾਂ ਦੁਆਰਾ, ਵਿਨਿਯਮਾਂ ਦੁਆਰਾ ਉਪਬੰਧਤ ਕੀਤੇ ਜਾਣੇ ਹਨ; ਅਤੇ

(ੲ) ਕਿਸੇ ਹੋਰ ਮਾਮਲੇ ਲਈ ਉਪਬੰਧ ਕਰਨਾ, ਜੋ ਸਿਰਫ਼ ਅਥਾਰਟੀ ਨਾਲ ਸਬੰਧਤ ਹੈ ਅਤੇ ਇਸ ਐਕਟ ਅਤੇ ਪ੍ਰਵਿਧਾਨਾਂ ਦੁਆਰਾ ਉਪਬੰਧਤ ਨਹੀਂ ਕੀਤਾ ਗਿਆ ਹੈ।

(2) ਯੂਨੀਵਰਸਿਟੀ ਦੀ ਹਰੇਕ ਅਥਾਰਟੀ ਅਜਿਹੇ ਵਿਨਿਯਮ ਬਣਾਏਗੀ ਜੋ ਅਜਿਹੀ ਅਥਾਰਟੀ ਦੇ ਮੈਂਬਰਾਂ ਨੂੰ ਇਕੱਤਰਤਾਵਾਂ ਦੀਆਂ ਤਰੀਕਾਂ ਅਤੇ ਅਜਿਹੀਆਂ ਇਕੱਤਰਤਾਵਾਂ ਵਿੱਚ ਕੀਤੇ ਜਾਣ ਵਾਲੇ ਕਾਰਜ ਦਾ ਨੋਟਿਸ ਦੇਣ ਅਤੇ ਇਕੱਤਰਤਾਵਾਂ ਦੀਆਂ ਕਾਰਵਾਈ ਰਿਪੋਟਾਂ ਦਾ ਰਿਕਾਰਡ ਰੱਖਣ ਲਈ ਉਪਬੰਧ ਕਰਨਗੇ।

(3) ਅਕਾਦਮਿਕ ਕੌਂਸਲ, ਪ੍ਰਵਿਧਾਨਾਂ ਦੇ ਉਪਬੰਧਾਂ ਦੇ ਤਾਬੇ, ਸਬੰਧਤ ਅਧਿਐਨ ਬੋਰਡ ਤੋਂ ਯੂਨੀਵਰਸਿਟੀ ਦੇ ਅਧਿਐਨ ਕੋਰਸਾਂ, ਪ੍ਰੀਖਿਆਵਾਂ ਦੀ ਪ੍ਰਣਾਲੀ ਅਤੇ ਡਿਗਰੀਆਂ ਅਤੇ ਡਿਪਲੋਮਿਆਂ ਦੇ ਖਰੜੇ ਪ੍ਰਾਪਤ ਕਰਨ ਤੋਂ ਪਿੱਛੋਂ ਉਨ੍ਹਾਂ ਲਈ ਉਪਬੰਧ ਕਰਨ ਲਈ ਵਿਨਿਯਮ ਬਣਾ ਸਕੇਗੀ।

(4) ਅਕਾਦਮਿਕ ਕੌਂਸਲ ਅਧਿਐਨ ਬੋਰਡ ਤੋਂ ਪ੍ਰਾਪਤ ਖਰੜੇ ਨੂੰ ਬਦਲ ਨਹੀਂ ਸਕੇਗੀ, ਪਰ ਉਹ ਇਸ ਨੂੰ ਰੱਦ ਕਰ ਸਕੇਗੀ ਜਾਂ ਅਕਾਦਮਿਕ ਕੌਂਸਲ ਦੇ ਸੁਝਾਵਾਂ ਸਹਿਤ ਹੋਰ ਵਿਚਾਰਨ ਲਈ ਅਧਿਐਨ ਬੋਰਡ ਨੂੰ ਵਾਪਸ ਕਰ ਸਕੇਗੀ।

(5) ਅਧਿਐਨ ਬੋਰਡ ਨਿਰਦੇਸ਼ ਦੇ ਸਕੇਗਾ ਕਿ ਸੋਧ ਅਜਿਹੇ ਤਰੀਕੇ ਨਾਲ ਕੀਤੀ ਜਾਵੇ ਜਿਵੇਂ ਇਹ ਉਲਿਖਤ ਕਰੇ।

(6) ਇਸ ਧਾਰਾ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਐਕਟ, 1970 ਅਧੀਨ ਬਣਾਏ ਗਏ ਅਤੇ ਇਸ ਐਕਟ ਦੇ ਅਰੰਭ ਹੋਣ ਤੋਂ ਤੁਰੰਤ ਪਹਿਲਾਂ ਨਾਫ਼ਜ਼ ਵਿਨਿਯਮ, ਜਿੱਥੋਂ ਤੱਕ ਉਹ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਹੀਂ ਹਨ, ਅਤੇ ਅਜਿਹੇ ਅਨੁਕੂਲਨ ਅਤੇ ਰੂਪਭੇਦਾਂ ਦੇ ਤਾਬੇ, ਜਿਵੇਂ ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤਾ ਜਾਵੇ, ਯੂਨੀਵਰਸਿਟੀ ਦੇ ਪਹਿਲੇ ਵਿਨਿਯਮ ਹੋਣਗੇ।

## ਅਧਿਆਇ-VII

## ਵਿੱਤ, ਲੇਖਾ ਅਤੇ ਆਡਿਟ

ਆਮ ਫੰਡ।

36. (1) ਯੂਨੀਵਰਸਿਟੀ ਦਾ ਇੱਕ ਆਮ ਫ਼ੰਡ ਹੋਵੇਗਾ ਜਿਸ ਵਿੱਚ ਹੇਠ-ਲਿਖੇ ਜਮ੍ਹਾਂ ਕੀਤੇ ਜਾਣਗੇ-

(ੳ) ਯੂਨੀਵਰਸਿਟੀ ਦੀਆਂ ਫੀਸਾਂ, ਇੰਡੋਮੈਂਟਾਂ ਅਤੇ ਗ੍ਰਾਟਾਂ ਅਤੇ ਸੰਪੱਤੀਆਂ ਤੋਂ ਆਮਦਨ;

(ਅ) ਰਾਜ ਸਰਕਾਰ ਅਤੇ ਕੇਂਦਰੀ ਸਰਕਾਰ ਵੱਲੋਂ ਅਜਿਹੀਆਂ ਸ਼ਰਤਾਂ ਤੇ ਅੰਸ਼ਦਾਨ ਜਾਂ ਗ੍ਰਾਂਟਾਂ, ਜੋ ਉਸ ਸਰਕਾਰ ਦੁਆਰਾ ਆਰੋਪੀਆਂ ਜਾਣ; ਅਤੇ

(ੲ) ਹੋਰ ਅੰਸ਼ਦਾਨ, ਗ੍ਰਾਂਟਾਂ, ਦਾਨ ਅਤੇ ਪੁੰਨ-ਅਰਥ ਦਾਨ।

37. ਯੂਨੀਵਰਸਿਟੀ ਦੇ ਅਜਿਹੇ ਫੰਡ ਵੀ ਹੋ ਸਕਣਗੇ, ਜੋ ਮੁਕੱਰਰ ਕੀਤੇ ਜਾਣ। ਹੋਰ ਫੰਡ।

38. (1) ਯੂਨੀਵਰਸਿਟੀ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੀ ਇੱਕ ਵਿੱਤ ਕਮੇਟੀ ਦਾ ਗਠਨ ਕਰੇਗੀ, ਅਰਥਾਤ:- ਵਿੱਤ ਕਮੇਟੀ ਦਾ ਗਠਨ।

(ੳ) ਵਾਈਸ-ਚਾਂਸਲਰ;

(ਅ) ਕੰਪਟਰੋਲਰ;

(ੲ) ਬੋਰਡ ਦੁਆਰਾ ਸਰਕਾਰੀ ਮੈਂਬਰਾਂ ਵਿੱਚੋਂ ਚੁਣਿਆ ਗਿਆ ਇੱਕ ਮੈਂਬਰ; ਅਤੇ

(ਸ) ਬੋਰਡ ਦੁਆਰਾ ਗੈਰ-ਸਰਕਾਰੀ ਮੈਂਬਰਾਂ ਵਿੱਚੋਂ ਚੁਣਿਆ ਗਿਆ ਇੱਕ ਮੈਂਬਰ।

(2) ਵਿੱਤ ਕਮੇਟੀ ਦੀਆਂ ਸ਼ਕਤੀਆਂ ਅਤੇ ਕਰਤੱਵ ਹੇਠ-ਲਿਖੇ ਅਨੁਸਾਰ ਹੋਣਗੇ:-

(ੳ) ਯੂਨੀਵਰਸਿਟੀ ਦੇ ਸਾਲਾਨਾ ਲੇਖਿਆਂ ਦਾ ਪ੍ਰੀਖਣ ਕਰਨਾ ਅਤੇ ਉਸ ਤੇ ਬੋਰਡ ਨੂੰ ਸਲਾਹ ਦੇਣਾ;

(ਅ) ਸਾਲਾਨਾ ਬਜਟ ਅਨੁਮਾਨਾਂ ਦਾ ਪ੍ਰੀਖਣ ਕਰਨਾ ਅਤੇ ਉਸ ਤੇ ਬੋਰਡ ਨੂੰ ਸਲਾਹ ਦੇਣਾ;

(ੲ) ਸਮੇਂ ਸਮੇਂ 'ਤੇ ਯੂਨੀਵਰਸਿਟੀ ਦੀ ਵਿੱਤੀ ਸਥਿਤੀ ਦੀ ਨਜ਼ਰਸਾਨੀ ਕਰਨਾ;

(ਸ) ਯੂਨੀਵਰਸਿਟੀ ਦੇ ਵਿੱਤਾਂ ਸੰਬੰਧੀ ਸਾਰੇ ਮਾਮਲਿਆਂ 'ਤੇ ਯੂਨੀਵਰਸਿਟੀ ਨੂੰ ਸਿਫਾਰਸ਼ਾਂ ਕਰਨਾ; ਅਤੇ

(ਹ) ਖਰਚੇ ਵਾਲੀਆਂ ਸਾਰੀਆਂ ਤਜਵੀਜ਼ਾਂ 'ਤੇ ਬੋਰਡ ਨੂੰ ਸਿਫਾਰਸ਼ਾਂ ਕਰਨਾ ਜਿਨ੍ਹਾਂ ਲਈ ਬਜਟ ਵਿੱਚ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਹੈ ਜਾਂ ਜਿਸ ਵਿੱਚ ਬਜਟ ਵਿੱਚ ਦਿੱਤੀ ਗਈ ਰਕਮ ਤੋਂ ਵੱਧ ਖਰਚ ਸ਼ਾਮਲ ਹੈ।

(3) ਲੇਖੇ ਅਤੇ ਸੰਤੁਲਨ ਪੱਤਰ ਵਾਈਸ-ਚਾਂਸਲਰ ਦੁਆਰਾ ਬੋਰਡ ਰਾਹੀਂ ਰਾਜ ਸਰਕਾਰ ਨੂੰ ਪੇਸ਼ ਕੀਤੇ ਜਾਣਗੇ, ਜੋ ਉਹਨਾਂ ਦਾ ਪ੍ਰੀਖਿਅਕ, ਸਥਾਨਕ ਫੰਡ ਲੇਖਾ ਦੁਆਰਾ ਆਡਿਟ ਕੀਤਾ ਜਾਣਾ ਕਾਰਤ ਕਰੇਗੀ।

(4) ਜਦੋਂ ਲੇਖਿਆਂ ਦਾ ਆਡਿਟ ਹੋ ਜਾਂਦਾ ਹੈ, ਤਾਂ ਉਹਨਾਂ ਨੂੰ ਛਾਪਿਆ ਜਾਵੇਗਾ ਅਤੇ ਉਹਨਾਂ ਦੀਆਂ ਨਕਲਾਂ ਆਡਿਟ ਰਿਪੋਟ ਸਹਿਤ, ਵਾਈਸ-ਚਾਂਸਲਰ ਦੁਆਰਾ ਬੋਰਡ ਨੂੰ ਪੇਸ਼ ਕੀਤੀ ਜਾਣਗੀਆਂ, ਜੋ ਉਹਨਾਂ ਨੂੰ ਅਜਿਹੀਆਂ ਟਿੱਪਣੀਆਂ ਦੇ ਨਾਲ ਰਾਜ ਸਰਕਾਰ ਨੂੰ ਭੇਜੇਗਾ, ਜਿਵੇਂ ਉਹ ਉਚਿਤ ਸਮਝੇ। ਰਾਜ ਸਰਕਾਰ ਆਡਿਟ ਕੀਤੇ ਲੇਖਿਆਂ ਦੀ ਇੱਕ ਨਕਲ ਉਹਨਾਂ 'ਤੇ ਆਪਣੀਆਂ ਟਿੱਪਣੀਆਂ ਸਹਿਤ ਰਾਜ ਵਿਧਾਨ ਮੰਡਲ ਦੇ ਅੱਗੇ ਰਖਵਾਏਗੀ।

39. ਰਾਜ ਸਰਕਾਰ ਨੂੰ ਅਜਿਹੇ ਆਡੀਟਰਾਂ ਜਾਂ ਏਜੰਸੀ ਦੁਆਰਾ ਯੂਨੀਵਰਸਿਟੀ ਦੇ ਲੇਖਿਆਂ ਦਾ ਵਿਸ਼ੇਸ਼ ਆਡਿਟ ਕਰਵਾਉਣ ਦਾ ਹੁਕਮ ਦੇਣ ਦੀ ਸ਼ਕਤੀ ਹੋਵੇਗੀ, ਜਿਵੇਂ ਉਹ ਨਿਰਦੇਸ਼ ਦੇਵੇ। ਰਾਜ ਸਰਕਾਰ ਦੀ ਆਡਿਟ ਕਰਨ ਲਈ ਨਿਰਦੇਸ਼ਿਤ ਕਰਨ ਦੀ ਸ਼ਕਤੀ।

ਅਧਿਆਇ-VIII

ਫੁਟਕਲ

40. (1) ਇਸ ਐਕਟ ਦੇ ਅਰੰਭ ਹੋਣ 'ਤੇ, ਸਲੋਤਰੀ, ਪਸ਼ੂ ਵਿਗਿਆਨ ਅਤੇ ਮੱਛੀ ਪਾਲਣ ਨਾਲ ਸਬੰਧਤ ਮੌਜੂਦਾ ਯੂਨੀਵਰਸਿਟੀ ਦੇ ਧਨਧਾਮ ਅਤੇ ਦੇਣਦਾਰੀਆਂ, ਹੇਠ-ਲਿਖੇ ਸਿਧਾਂਤਾਂ ਦੇ ਅਨੁਸਾਰ ਯੂਨੀਵਰਸਿਟੀ ਨੂੰ ਬਦਲੀ ਹੋ ਜਾਣਗੀਆਂ ਅਤੇ ਉਸ ਵਿੱਚ ਨਿਹਿਤ ਹੋਣਗੀਆਂ, ਅਰਥਾਤ:- ਧਨਧਾਮਾਂ ਅਤੇ ਦੇਣਦਾਰੀਆਂ ਦੀ ਵੰਡ।

(ੳ) ਮੌਜੂਦਾ ਯੂਨੀਵਰਸਿਟੀ ਦਾ ਕੋਈ ਧਨਧਾਮ, ਜੋ ਇਸ ਐਕਟ ਦੇ ਅਰੰਭ ਹੋਣ ਤੋਂ ਤੁਰੰਤ ਪਹਿਲਾਂ, ਸਲੋਤਰੀ ਅਤੇ ਪਸ਼ੂ ਵਿਗਿਆਨ, ਮੱਛੀ ਪਾਲਣ ਅਤੇ ਛੋਟੀ ਪਸ਼ੂ ਕਲੋਨੀ ਨਾਲ ਸਬੰਧਤ ਹੈ, ਜਿਸ ਵਿੱਚ ਚਾਰਾ ਜਾਂ ਖੁਰਾਕ ਉਤਪਾਦਨ ਲਈ ਵਰਤੀ ਜਾਂਦੀ ਖੇਤੀਬਾੜੀ ਭੋਂ, ਡੇਅਰੀ ਅਤੇ ਮੁਰਗੀ ਫਾਰਮ, ਮੱਛੀ ਪਾਲਣ ਅਤੇ ਅਜਿਹੀ ਸੰਪੱਤੀ ਦਾ ਹਰੇਕ ਅਧਿਕਾਰ ਸ਼ਾਮਲ ਹੈ, ਯੂਨੀਵਰਸਿਟੀ ਨੂੰ ਮੁੰਤਕਿਲ ਹੋ ਜਾਵੇਗਾ, ਅਤੇ ਯੂਨੀਵਰਸਿਟੀ ਵਿੱਚ ਨਿਹਿਤ ਹੋਵੇਗਾ;

(ਅ) ਮੌਜੂਦਾ ਯੂਨੀਵਰਸਿਟੀ ਦੇ ਪ੍ਰਯੋਗਾਤਮਕ ਖੇਤਰ ਦੀ ਭੋਂ, ਜੋ ਰੋਗ-ਪ੍ਰਤਿਰੋਧਕ ਪ੍ਰਣਾਲੀ ਵਿਗਿਆਨ (ਟਿੱਕ ਦੇ ਕੱਟਣ ਨਾਲ ਫੈਲਣ

ਵਾਲੀਆਂ ਬਿਮਾਰੀਆਂ) ਇਮਾਰਤ ਦੇ ਨਾਲ ਲੱਗਦੀ ਹੈ, ਯੂਨੀਵਰਸਿਟੀ ਨੂੰ ਮੁੰਤਕਿਲ ਹੋ ਜਾਵੇਗੀ;

(ੲ) ਮੌਜੂਦਾ ਯੂਨੀਵਰਸਿਟੀ ਦਾ ਕੋਈ ਧਨਧਾਮ ਜੋ ਗੈਰ-ਨਿਵਾਸੀ ਭਾਰਤੀ ਵਿਦਿਆਰਥੀਆਂ ਦੀ ਫੀਸ, ਸਲੋਤਰੀ, ਪਸ਼ੂ ਵਿਗਿਆਨ, ਮੱਛੀ ਪਾਲਣ ਅਤੇ ਛੋਟੀ ਜਾਨਵਰ ਕਲੋਨੀ ਅਧੀਨ ਘੁੰਮਣਹਾਰ ਫੰਡਾਂ ਨਾਲ ਸਬੰਧਤ ਹੈ ਅਤੇ ਅਜਿਹੀ ਸੰਪੱਤੀ ਦਾ ਹਰ ਅਧਿਕਾਰ, ਯੂਨੀਵਰਸਿਟੀ ਨੂੰ ਮੁੰਤਕਿਲ ਹੋ ਜਾਵੇਗਾ ਅਤੇ ਯੂਨੀਵਰਸਿਟੀ ਵਿੱਚ ਨਿਹਿਤ ਹੋਵੇਗਾ; ਅਤੇ

(ਸ) ਮੌਜੂਦਾ ਯੂਨੀਵਰਸਿਟੀ ਵਿੱਚ ਸਲੋਤਰੀ, ਪਸ਼ੂ ਅਤੇ ਮੱਛੀ ਪਾਲਣ ਵਿਗਿਆਨ ਨਾਲ ਸਬੰਧਤ ਸਾਰੇ ਅਧਿਆਪਨ, ਖੋਜ ਅਤੇ ਵਿਸਤਾਰ ਸਕੀਮਾਂ ਸਮੇਤ ਅਹੁਦੇਦਾਰ, ਬਜਟ ਅਤੇ ਧਨਧਾਮ ਯੂਨੀਵਰਸਿਟੀ ਨੂੰ ਮੁੰਤਕਿਲ ਹੋ ਜਾਣਗੇ।

(2) ਇਸ ਐਕਟ ਦੇ ਅਰੰਭ ਹੋਣ 'ਤੇ ਮੌਜੂਦਾ ਯੂਨੀਵਰਸਿਟੀ ਦੇ ਧਨਧਾਮਾਂ 'ਤੇ ਮੌਜੂਦ ਦੇਣਦਾਰੀ, ਮੌਜੂਦਾ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਵਿਚਕਾਰ ਦੋਵਾਂ ਯੂਨੀਵਰਸਿਟੀਆਂ ਦੁਆਰਾ ਸਾਂਝੇ ਕੀਤੇ ਜਾਂਦੇ ਧਨਧਾਮਾਂ ਦੇ ਅਨੁਪਾਤ ਵਿੱਚ ਸਾਂਝੀ ਕੀਤੀ ਜਾਵੇਗੀ।

(3) ਮੌਜੂਦਾ ਯੂਨੀਵਰਸਿਟੀ ਦੀ ਸਲੋਤਰੀ, ਪਸ਼ੂ ਵਿਗਿਆਨ ਅਤੇ ਮੱਛੀ ਪਾਲਣ ਨਾਲ ਸਬੰਧਤ ਹਰੇਕ ਹੋਰ ਦੇਣਦਾਰੀ, ਜੇਕਰ ਅਜਿਹੇ ਅਰੰਭ 'ਤੇ ਕਾਇਮ ਹੈ, ਤਾਂ ਉਹ ਯੂਨੀਵਰਸਿਟੀ ਦੀ ਦੇਣਦਾਰੀ ਹੋਵੇਗੀ।

(4) ਇਸ ਐਕਟ ਦੇ ਅਰੰਭ ਹੋਣ ਤੋਂ ਤੁਰੰਤ ਪਹਿਲਾਂ, ਮੌਜੂਦਾ ਯੂਨੀਵਰਸਿਟੀ ਦੁਆਰਾ ਧਾਰਨ ਕੀਤੇ ਨਕਦ ਬਕਾਏ, ਭਾਵੇਂ ਨਕਦ, ਬੈਂਕ ਜਾਂ ਸਕਿਉਰਿਟੀ ਜਮ੍ਹਾਂ ਰਾਸ਼ੀ ਅਤੇ ਰਾਖਵੇਂ ਫ਼ੰਡਾਂ ਦੇ ਰੂਪ ਵਿੱਚ ਹੋਣ, ਮੌਜੂਦਾ ਯੂਨੀਵਰਸਿਟੀ ਦੀਆਂ ਅਜਿਹੇ ਅਰੰਭ ਹੋਣ ਤੱਕ ਦੀਆਂ ਸਾਰੀਆਂ ਦੇਣਦਾਰੀਆਂ ਨੂੰ ਘਟਾਉਣ ਤੋਂ ਪਿੱਛੋਂ, ਮੌਜੂਦਾ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਵਿਚਕਾਰ ਸੱਤਰ: ਤੀਹ ਦੇ ਅਨੁਪਾਤ ਵਿੱਚ ਵੰਡੇ ਜਾਣਗੇ।

(5) ਇਸ ਐਕਟ ਦੇ ਅਰੰਭ ਹੋਣ ਤੋਂ ਪਹਿਲਾਂ ਕੀਤੇ ਗਏ ਮੁਆਇਦੇ, ਸਬੰਧਤ ਯੂਨੀਵਰਸਿਟੀਆਂ ਦੁਆਰਾ ਕੀਤੇ ਗਏ ਸਮਝੇ ਜਾਣਗੇ ਜਿਨ੍ਹਾਂ ਨਾਲ ਮੁਆਇਦੇ ਵਿੱਚ ਪਲਚਿਤ ਵਿਸ਼ਾ ਵਸਤੂ ਜਾਂ ਧਨਧਾਮ, ਅਜਿਹੇ ਅਰੰਭ ਤੋਂ ਪਿੱਛੋਂ ਸਾਂਝੇ ਕੀਤੇ ਗਏ ਹਨ।

(6) ਮੌਜੂਦਾ ਯੂਨੀਵਰਸਿਟੀਆਂ ਦੁਆਰਾ ਕੀਤੇ ਗਏ ਹਰੇਕ ਸ਼ੇਅਰ, ਡਿਬੈਂਚਰ, ਬਾਂਡ ਅਤੇ ਹੋਰ ਨਿਵੇਸ਼ ਦਾ ਮੁੱਲ, ਇਸ ਐਕਟ ਦੇ ਅਰੰਭ ਹੋਣ ਤੋਂ ਤੁਰੰਤ ਪਹਿਲਾਂ ਇੱਕ ਸਾਲ ਦੌਰਾਨ ਪ੍ਰਾਪਤ ਹੋਏ ਇਸਦੇ ਔਸਤ ਬਾਜ਼ਾਰ ਮੁੱਲ ਦੇ ਆਧਾਰ 'ਤੇ ਲਗਾਇਆ ਜਾਵੇਗਾ, ਅਤੇ ਇਸ ਤਰ੍ਹਾਂ ਨਿਰਧਾਰਤ ਮੁੱਲ, ਮੌਜੂਦਾ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਵਿਚਕਾਰ ਸੱਤਰ: ਤੀਹ ਦੇ ਅਨੁਪਾਤ ਵਿੱਚ ਵੰਡਿਆ ਜਾਵੇਗਾ।

(7) ਇਸ ਐਕਟ ਦੇ ਅਰੰਭ ਹੋਣ ਤੋਂ ਪਹਿਲਾਂ ਮੌਜੂਦਾ ਯੂਨੀਵਰਸਿਟੀ ਦੁਆਰਾ ਲਿਆ ਗਿਆ ਹਰੇਕ ਉਧਾਰ, ਜੇਕਰ ਦੇਣਦਾਰੀ ਅਜਿਹੇ ਅਰੰਭ 'ਤੇ ਕਾਇਮ

ਹੈ, ਮੌਜੂਦਾ ਯੂਨੀਵਰਸਿਟੀ ਦੁਆਰਾ ਉਸ 'ਤੇ ਉਤਪੰਨ ਹੋਏ ਵਿਆਜ ਸਹਿਤ ਮੁੜ ਅਦਾ ਕੀਤਾ ਜਾਵੇਗਾ।

(8) ਮੌਜੂਦਾ ਯੂਨੀਵਰਸਿਟੀ ਦੇ ਹਰੇਕ ਅਧਿਕਾਰੀ ਜਾਂ ਹੋਰ ਕਰਮਚਾਰੀ ਦੇ ਪ੍ਰਾਵੀਡੈਂਟ ਫੰਡ, ਪੈਨਸ਼ਨ ਫੰਡ, ਮੌਤ-ਕਮ-ਰਿਟਾਇਰਮੈਂਟ ਗ੍ਰੈਚੁਟੀ, ਅਨੁਗ੍ਰਹਿਣ ਪੂਰਵਕ ਗ੍ਰਾਂਟ ਅਤੇ ਹੋਰ ਲਾਭ ਅਤੇ ਉਨ੍ਹਾਂ ਤੋਂ ਉਤਪੰਨ ਹੋਣ ਵਾਲੀਆਂ ਰਕਮਾਂ, ਉਸ ਯੂਨੀਵਰਸਿਟੀ ਨੂੰ ਮੁੰਤਕਿਲ ਹੋ ਜਾਣਗੀਆਂ, ਜਿਸ ਵਿੱਚ ਉਸਨੂੰ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਨੂੰ ਟਿੱਕਣ ਅਤੇ ਤੈਨਾਤ ਕੀਤਾ ਗਿਆ ਹੈ।

ਵਿਆਖਿਆ.- ਇਸ ਧਾਰਾ ਦੇ ਪ੍ਰਯੋਜਨਾਂ ਲਈ, "ਧਨਧਾਮ" ਵਿੱਚ ਸਾਰੀ ਚੁੱਕਵੀਂ ਅਤੇ ਅਚੁੱਕਵੀਂ ਸੰਪੱਤੀ, ਅਧਿਕਾਰ, ਸ਼ਕਤੀਆਂ, ਅਥਾਰਟੀਆਂ ਅਤੇ ਵਿਸ਼ੇਸ਼ ਅਧਿਕਾਰ, ਅਤੇ ਅਜਿਹੀ ਸੰਪੱਤੀ ਤੋਂ ਪੈਦਾ ਹੋਣ ਵਾਲੇ ਸਾਰੇ ਹੋਰ ਅਧਿਕਾਰ ਅਤੇ ਹਿੱਤ ਸ਼ਾਮਲ ਸਮਝੇ ਜਾਣਗੇ, ਜੋ ਇਸ ਐਕਟ ਦੇ ਅਰੰਭ ਤੋਂ ਤੁਰੰਤ ਪਹਿਲਾਂ ਮੌਜੂਦਾ ਯੂਨੀਵਰਸਿਟੀ ਦੀ ਮਾਲਕੀ, ਕਬਜ਼ੇ, ਸ਼ਕਤੀ ਜਾਂ ਕੰਟਰੋਲ ਵਿੱਚ ਸਨ, ਅਤੇ ਸਾਰੇ ਲੇਖਿਆਂ ਦੀਆਂ ਵਹੀਆਂ, ਰਜਿਸਟਰ, ਰਿਕਾਰਡ ਅਤੇ ਇਸ ਨਾਲ ਸਬੰਧਤ ਕਿਸੇ ਵੀ ਪ੍ਰਕਿਰਤੀ ਦੇ ਹੋਰ ਸਾਰੇ ਦਸਤਾਵੇਜ਼ ਵਿੱਚ ਮੌਜੂਦਾ ਯੂਨੀਵਰਸਿਟੀ ਦੀਆਂ ਉਸ ਸਮੇਂ ਕਾਇਮ ਕਿਸੇ ਵੀ ਕਿਸਮ ਦੀਆਂ ਸਾਰੀਆਂ ਬਾਂਧਾਂ ਵੀ ਸ਼ਾਮਲ ਸਮਝੀਆਂ ਜਾਣਗੀਆਂ।

ਕਾਨੂੰਨੀ ਕਾਰਵਾਈਆਂ।

41. ਜੇਕਰ ਇਸ ਐਕਟ ਦੇ ਅਰੰਭ ਹੋਣ 'ਤੇ, ਮੌਜੂਦਾ ਯੂਨੀਵਰਸਿਟੀ ਦੁਆਰਾ ਜਾਂ ਉਸ ਦੇ ਵਿਰੁੱਧ ਕਿਸੇ ਵੀ ਪ੍ਰਕਿਰਤੀ ਦਾ ਕੋਈ ਦਾਵਾ, ਅਪੀਲ ਜਾਂ ਹੋਰ ਕਾਰਵਾਈ ਲੰਬਿਤ ਹੈ, ਤਾਂ ਉਹ ਮੌਜੂਦਾ ਯੂਨੀਵਰਸਿਟੀ ਦੇ ਪੁਨਰਗਠਨ ਦੇ ਕਾਰਨ ਸਮਾਪਤ

ਨਹੀਂ ਹੋਵੇਗੀ ਜਾਂ ਬੰਦ ਨਹੀਂ ਕੀਤੀ ਜਾਵੇਗੀ ਜਾਂ ਕਿਸੇ ਵੀ ਤਰੀਕੇ ਨਾਲ ਪ੍ਰਤੀਕੂਲ ਤੌਰ 'ਤੇ ਪ੍ਰਭਾਵਿਤ ਨਹੀਂ ਹੋਵੇਗੀ, ਪਰ ਅਜਿਹਾ ਦਾਵਾ, ਅਪੀਲ ਜਾਂ ਹੋਰ ਕਾਰਵਾਈ, ਉਸ ਸਬੰਧਤ ਯੂਨੀਵਰਸਿਟੀ ਦੁਆਰਾ ਜਾਂ ਉਸ ਵਿਰੁੱਧ ਜਾਰੀ ਰੱਖੀ ਜਾ ਸਕੇਗੀ, ਮੁਕੱਦਮਾ ਚਲਾਇਆ ਜਾ ਸਕੇਗਾ ਜਾਂ ਨਾਫ਼ਜ ਕੀਤੀ ਜਾ ਸਕੇਗੀ ਜਿਸ ਨਾਲ ਪੁਨਰ-ਗਠਨ ਤੋਂ ਪਿੱਛੋਂ ਅਜਿਹੇ ਦਾਵੇ, ਅਪੀਲ ਜਾਂ ਹੋਰ ਕਾਰਵਾਈ ਦਾ ਵਿਸ਼ਾ ਸਬੰਧਤ ਹੈ।

42. ਯੂਨੀਵਰਸਿਟੀ ਦੁਆਰਾ ਜਾਂ ਯੂਨੀਵਰਸਿਟੀ ਦੇ ਵਿਰੁੱਧ ਸਾਰੇ ਦਾਵਿਆਂ ਅਤੇ ਹੋਰ ਕਾਨੂੰਨੀ ਕਾਰਵਾਈਆਂ ਵਿੱਚ, ਪਲੀਡਿੰਗਜ਼ ਰਜਿਸਟਰਾਰ ਦੁਆਰਾ ਦਸਖਤ ਅਤੇ ਤਸਦੀਕ ਕੀਤੀਆਂ ਜਾਣਗੀਆਂ, ਅਤੇ ਅਜਿਹੇ ਦਾਵਿਆਂ ਅਤੇ ਕਾਰਵਾਈਆਂ ਵਿੱਚ ਸਾਰੀ ਪ੍ਰਕਿਰਿਆ ਉਸਨੂੰ ਜਾਰੀ ਕੀਤੀ ਜਾਵੇਗੀ, ਅਤੇ ਉਸਨੂੰ ਤਾਮੀਲ ਕੀਤੀ ਜਾਵੇਗੀ। ਪਲੀਡਿੰਗਜ਼ ਦੀ ਪ੍ਰਮਾਣਿਕਤਾ।

43. (1) ਧਾਰਾ 7 ਵਿੱਚ ਹੋਰਵੇਂ ਉਪਬੰਧਤ ਨੂੰ ਛੱਡ ਕੇ, ਮੌਜੂਦਾ ਯੂਨੀਵਰਸਿਟੀ ਦੇ ਸਾਰੇ ਅਧਿਕਾਰੀ ਅਤੇ ਹੋਰ ਕਰਮਚਾਰੀ, ਜੋ ਸਲੋਤਰੀ ਅਤੇ ਪਸ਼ੂ ਵਿਗਿਆਨ, ਮੱਛੀ ਪਾਲਣ ਅਤੇ ਛੋਟੇ ਪਸ਼ੂਆਂ ਦੀ ਕਲੋਨੀ ਨਾਲ ਸਬੰਧਤ ਮੌਜੂਦਾ ਯੂਨੀਵਰਸਿਟੀ ਵਿੱਚ ਜਾਂ ਉਸ ਦੇ ਤੱਲਕ ਅਹੁਦੇ ਧਾਰਨ ਕਰ ਰਹੇ ਹਨ, ਯੂਨੀਵਰਸਿਟੀ ਦੇ ਅਧਿਕਾਰੀ ਜਾਂ ਹੋਰ ਕਰਮਚਾਰੀ ਬਣ ਜਾਣਗੇ। ਕਰਮਚਾਰੀਆਂ ਦੇ ਤਬਾਦਲੇ।

(2) ਮੌਜੂਦਾ ਯੂਨੀਵਰਸਿਟੀ ਦੇ ਪ੍ਰਸ਼ਾਸਨ ਦੇ ਕੇਂਦਰੀ ਦਫ਼ਤਰਾਂ ਅਰਥਾਤ ਰਜਿਸਟਰਾਰ, ਕੰਪਟਰੋਲਰ, ਡਾਇਰੈਕਟਰ, ਵਿਦਿਆਰਥੀ ਭਲਾਈ, ਸੰਪਦਾ ਅਧਿਕਾਰੀ, ਡੀਨ, ਪੋਸਟ ਗ੍ਰੈਜੂਏਟ ਅਧਿਐਨ, ਡਾਇਰੈਕਟਰ ਖੋਜ, ਡਾਇਰੈਕਟਰ ਵਿਸਤਾਰ ਸਿੱਖਿਆ, ਲਾਇਬ੍ਰੇਰੀਅਨ, ਯੂਨੀਵਰਸਿਟੀ ਹਸਪਤਾਲ ਜਾਂ ਕੋਈ ਹੋਰ

ਕੇਂਦਰੀਕ੍ਰਿਤ ਦਫ਼ਤਰ ਜਾਂ ਸਹੂਲਤਾਂ ਦੇ ਕਰਮਚਾਰੀ, ਜੋ ਸਲੋਤਰੀ, ਪਸ਼ੂ ਵਿਗਿਆਨ, ਮੱਛੀ ਪਾਲਣ ਅਤੇ ਸਬੰਧਤ ਸਰਗਰਮੀਆਂ ਨਾਲ ਨਿਪਟਦੇ ਹਨ, ਸਮੇਤ ਬਜਟ, ਯੂਨੀਵਰਸਿਟੀ ਵਿੱਚ ਬਦਲੀ ਹੋ ਜਾਣਗੇ।

(3) ਮੌਜੂਦਾ ਯੂਨੀਵਰਸਿਟੀ ਤੋਂ ਯੂਨੀਵਰਸਿਟੀ ਵਿੱਚ ਬਦਲੀ ਕੀਤਾ ਗਿਆ ਹਰੇਕ ਅਧਿਕਾਰੀ ਜਾਂ ਹੋਰ ਕਰਮਚਾਰੀ, ਇਸ ਐਕਟ ਦੇ ਅਰੰਭ ਹੋਣ 'ਤੇ ਅਤੇ ਉਸ ਤੋਂ ਪਿੱਛੋਂ, ਯੂਨੀਵਰਸਿਟੀ ਵਿੱਚ ਉਸੇ ਰੈਂਕ ਜਾਂ ਅਹੁਦੇ 'ਤੇ ਆਪਣਾ ਅਹੁਦਾ ਜਾਂ ਸੇਵਾ ਉਨ੍ਹਾਂ ਹੀ ਨਿਬੰਧਨਾਂ ਅਤੇ ਸ਼ਰਤਾਂ 'ਤੇ ਅਤੇ ਪੈਨਸ਼ਨ, ਪ੍ਰਾਵੀਡੈਂਟ, ਗ੍ਰੈਚੁਟੀ ਅਤੇ ਹੋਰ ਮਾਮਲਿਆਂ ਦੇ ਉਹੀ ਅਧਿਕਾਰਾਂ ਨਾਲ ਧਾਰਨ ਕਰੇਗਾ, ਜੋ ਉਸ ਨੂੰ ਮਿਲਣਯੋਗ ਹੋਣੇ ਸੀ, ਜੇਕਰ ਮੌਜੂਦਾ ਯੂਨੀਵਰਸਿਟੀ ਨੂੰ ਮੁੜ-ਗਠਤ ਨਾ ਕੀਤਾ ਗਿਆ ਹੁੰਦਾ।

(4) ਉਦਯੋਗਿਕ ਵਿਵਾਦ ਐਕਟ, 1947, ਜਾਂ ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਿਸੇ ਅਧਿਕਾਰੀ ਜਾਂ ਹੋਰ ਕਰਮਚਾਰੀ ਦੀਆਂ ਸੇਵਾਵਾਂ ਦਾ ਮੌਜੂਦਾ ਯੂਨੀਵਰਸਿਟੀ ਤੋਂ ਯੂਨੀਵਰਸਿਟੀ ਵਿੱਚ ਬਦਲੀ, ਅਜਿਹੇ ਅਧਿਕਾਰੀ ਜਾਂ ਹੋਰ ਕਰਮਚਾਰੀ ਨੂੰ ਕਿਸੇ ਮੁਆਵਜ਼ੇ ਦਾ ਹੱਕਦਾਰ ਨਹੀਂ ਬਣਾਏਗੀ, ਅਤੇ ਕਿਸੇ ਅਦਾਲਤ, ਟ੍ਰਿਬਿਊਨਲ ਜਾਂ ਅਥਾਰਟੀ ਦੁਆਰਾ ਅਜਿਹਾ ਕੋਈ ਦਾਅਵਾ ਗ੍ਰਹਿਣ ਨਹੀਂ ਕੀਤਾ ਜਾਵੇਗਾ।

ਯੂਨੀਵਰਸਿਟੀ ਬੌਡੀਆਂ ਦੀ ਮੈਂਬਰਸ਼ਿਪ।

44. (1) ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਦੇ ਮੈਂਬਰਾਂ (ਅਹੁਦੇ-ਕਾਰਨ ਮੈਂਬਰਾਂ ਤੋਂ ਬਿਨਾਂ) ਵਿਚਕਾਰ ਸਾਰੀਆਂ ਇਤਫਾਕੀਆਂ ਖਾਲੀ ਥਾਵਾਂ, ਜਿੰਨੀ ਛੇਤੀ ਸੰਭਵ ਹੋ ਸਕੇ, ਉਸ ਵਿਅਕਤੀ ਜਾਂ ਬੌਡੀ ਦੁਆਰਾ, ਭਰੀਆਂ ਜਾਣਗੀਆਂ, ਜਿਸਨੇ

ਜਾਂ ਜਿਸ ਵੱਲੋਂ ਮੈਂਬਰ ਨੂੰ ਨਿਯੁਕਤ ਜਾਂ ਨਾਮਜ਼ਦ ਕੀਤਾ ਹੈ, ਜਿਸਦੀ ਜਗ੍ਹਾ ਖਾਲੀ ਹੋ ਗਈ ਸੀ, ਅਤੇ ਇਤਫਾਕੀਆ ਅਸਾਮੀ 'ਤੇ ਨਿਯੁਕਤ ਜਾਂ ਨਾਮਜ਼ਦ ਵਿਅਕਤੀ, ਉਸ ਅਥਾਰਟੀ ਜਾਂ ਬੌਡੀ ਦਾ ਬਾਕੀ ਦੀ ਮੁੱਦਤ ਲਈ ਮੈਂਬਰ ਹੋਵੇਗਾ ਜਿਸ ਲਈ ਉਹ ਵਿਅਕਤੀ, ਮੈਂਬਰ ਹੁੰਦਾ ਜਿਸਦੀ ਜਗ੍ਹਾ ਉਹ ਭਰਦਾ ਹੈ।

(2) ਇੱਕ ਵਿਅਕਤੀ, ਜੋ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਦਾ ਮੈਂਬਰ ਹੈ, ਅਤੇ ਕਿਸੇ ਹੋਰ ਬੌਡੀ ਦੀ ਨੁਮਾਇੰਦਗੀ ਕਰਦਾ ਹੈ, ਭਾਵੇਂ ਉਹ ਯੂਨੀਵਰਸਿਟੀ ਦੀ ਹੋਵੇ ਜਾਂ ਨ, ਉਸ ਅਥਾਰਟੀ 'ਤੇ ਆਪਣੀ ਸੀਟ ਉਦੋਂ ਤੱਕ ਬਰਕਰਾਰ ਰੱਖੇਗਾ ਜਦੋਂ ਤੱਕ ਉਹ ਉਸ ਬੌਡੀ ਦਾ ਮੈਂਬਰ ਬਣਿਆ ਰਹਿੰਦਾ ਹੈ, ਜਿਸ ਦੁਆਰਾ ਉਸਨੂੰ ਨਿਯੁਕਤ ਜਾਂ ਨਾਮਜ਼ਦ ਕੀਤਾ ਗਿਆ ਸੀ, ਅਤੇ ਉਸ ਤੋਂ ਪਿੱਛੋਂ, ਜਦੋਂ ਤੱਕ ਉਸਦਾ ਉੱਤਰਾਧਿਕਾਰੀ ਠੀਕ ਤੌਰ 'ਤੇ ਨਿਯੁਕਤ ਜਾਂ ਚੁਣਿਆ ਨਹੀਂ ਜਾਂਦਾ।

(3) ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਦਾ ਕੋਈ ਕਾਰਜ ਜਾਂ ਕਾਰਵਾਈ, ਸਿਰਫ ਇਸ ਕਾਰਨ ਕਰਕੇ ਨਜਾਇਜ਼ ਨਹੀਂ ਹੋਵੇਗੀ ਕਿ ਅਜਿਹੀ ਅਥਾਰਟੀ ਜਾਂ ਬੌਡੀ ਦੇ ਗਠਨ ਵਿੱਚ ਕੋਈ ਖਾਲੀ ਥਾਂ ਜਾਂ ਤਰੁੱਟੀ ਦੀ ਮੌਜੂਦਗੀ ਹੈ।

(4) ਜੇਕਰ ਕੋਈ ਸਵਾਲ ਪੈਦਾ ਹੁੰਦਾ ਹੈ ਕਿ ਕੀ ਕਿਸੇ ਵਿਅਕਤੀ ਨੂੰ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਦੇ ਮੈਂਬਰ ਵਜੋਂ ਠੀਕ ਤੌਰ 'ਤੇ ਨਿਯੁਕਤ ਕੀਤਾ ਗਿਆ ਹੈ, ਜਾਂ ਹੋਣ ਦਾ ਹੱਕਦਾਰ ਹੈ, ਜੋ ਬੋਰਡ ਦੇ ਮਾਤਹਿਤ ਹੈ ਜਾਂ ਕੀ ਯੂਨੀਵਰਸਿਟੀ ਦਾ ਕੋਈ ਫੈਸਲਾ ਇਸ ਐਕਟ ਅਤੇ ਪ੍ਰਵਿਧਾਨਾਂ ਦੀ ਅਨੁਸਾਰਤਾ ਵਿੱਚ

ਹੈ, ਤਾਂ ਇਸਨੂੰ ਰਾਜ ਸਰਕਾਰ ਨੂੰ ਭੇਜਿਆ ਜਾਵੇਗਾ, ਜਿਸ ਤੇ ਉਸ ਦਾ ਫੈਸਲਾ ਅੰਤਿਮ ਹੋਵੇਗਾ।

ਸਲਾਨਾ ਰਿਪੋਰਟ। 45. (1) ਯੂਨੀਵਰਸਿਟੀ ਦੀ ਸਾਲਾਨਾ ਰਿਪੋਟ, ਵਾਈਸ-ਚਾਂਸਲਰ ਦੇ ਨਿਰਦੇਸ਼ਾਂ ਹੇਠ ਤਿਆਰ ਕੀਤੀ ਜਾਵੇਗੀ ਅਤੇ ਸਾਲਾਨਾ ਇਕੱਤਰਤਾ ਤੋਂ ਘੱਟੋ-ਘੱਟ ਇੱਕ ਮਹੀਨਾ ਪਹਿਲਾਂ ਬੋਰਡ ਨੂੰ ਪੇਸ਼ ਕੀਤੀ ਜਾਵੇਗੀ, ਜਿਸ ਵਿੱਚ, ਇਸ 'ਤੇ ਵਿਚਾਰ ਕੀਤਾ ਜਾਣਾ ਹੈ।

(2) ਬੋਰਡ, ਸਾਲਾਨਾ ਰਿਪੋਟ ਨੂੰ ਵਿਚਾਰਨ ਪਿੱਛੋਂ, ਇਸਦੀ ਇੱਕ ਨਕਲ ਰਾਜ ਸਰਕਾਰ ਨੂੰ ਭੇਜੇਗਾ।

(3) ਉਪ-ਧਾਰਾ (1) ਵਿੱਚ ਹਵਾਲਾ ਦਿੱਤੀ ਸਾਲਾਨਾ ਰਿਪੋਰਟ ਦੀ ਇੱਕ ਨਕਲ ਪ੍ਰਾਪਤ ਹੋਣ 'ਤੇ, ਰਾਜ ਸਰਕਾਰ ਅਜਿਹੀ ਰਿਪੋਟ ਦੀ ਇੱਕ ਨਕਲ, ਉਸ 'ਤੇ ਆਪਣੀਆਂ ਟਿੱਪਣੀਆਂ ਸਮੇਤ, ਰਾਜ ਵਿਧਾਨ ਮੰਡਲ ਅੱਗੇ ਰਖਵਾਏਗੀ।

(4) ਮੌਜੂਦਾ ਯੂਨੀਵਰਸਿਟੀ ਦੇ ਮੁੜ-ਗਠਨ ਦੇ ਹੁੰਦਿਆਂ ਹੋਇਆਂ ਵੀ, ਸਾਲ 2005-06 ਲਈ ਯੂਨੀਵਰਸਿਟੀ ਦੀ ਸਾਲਾਨਾ ਰਿਪੋਟ, ਯੂਨੀਵਰਸਿਟੀ ਦੇ ਵਾਇਸ-ਚਾਂਸਲਰ ਦੇ ਨਿਰਦੇਸ਼ਾਂ ਅਧੀਨ ਤਿਆਰ ਕੀਤੀ ਜਾਵੇਗੀ, ਅਤੇ ਯੂਨੀਵਰਸਿਟੀ ਦਾ ਬੋਰਡ, ਸਾਲਾਨਾ ਰਿਪੋਟ ਨੂੰ ਵਿਚਾਰਨ ਪਿੱਛੋਂ, ਇਸ ਦੀ ਇੱਕ ਨਕਲ ਰਾਜ ਸਰਕਾਰ ਨੂੰ ਭੇਜੇਗਾ।

46. ਇਸ ਐਕਟ ਤੋਂ ਇਲਾਵਾ ਕਿਸੇ ਹੋਰ ਕਾਨੂੰਨ ਵਿੱਚ, ਜਾਂ ਕਿਸੇ ਮੁਆਇਦੇ ਜਾਂ ਹੋਰ ਲਿਖਤ ਵਿੱਚ ਮੌਜੂਦਾ ਯੂਨੀਵਰਸਿਟੀ ਦੇ ਕਿਸੇ ਵੀ ਹਵਾਲੇ ਦਾ,- ਕਿਸੇ ਵੀ ਦਸਤਾਵੇਜ਼ ਵਿੱਚ ਮੌਜੂਦਾ ਯੂਨੀਵਰਸਿਟੀ ਦੇ ਹਵਾਲਿਆਂ ਦਾ ਅਰਥਾਉਣ।

(ੳ) ਜੇਕਰ ਅਜਿਹਾ ਹਵਾਲਾ ਮੌਜੂਦਾ ਯੂਨੀਵਰਸਿਟੀ ਦੇ ਕਿਸੇ ਧਨਧਾਮ ਜਾਂ ਸੰਪੱਤੀ ਨਾਲ ਸਬੰਧਤ ਹੈ, ਤਾਂ ਮੌਜੂਦਾ ਯੂਨੀਵਰਸਿਟੀ ਦੇ ਹਵਾਲੇ ਵਜੋਂ; ਅਤੇ

(ਅ) ਕਿਸੇ ਹੋਰ ਮਾਮਲੇ ਵਿੱਚ, ਯੂਨੀਵਰਸਿਟੀ ਦੇ ਹਵਾਲੇ ਵਜੋਂ,

ਅਰਥ ਕੀਤਾ ਜਾਵੇਗਾ।

47. (1) ਇਸ ਐਕਟ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਜ ਨਿਰਦੇਸ਼ ਜਾਰੀ ਕਰਨ ਦੀ ਸ਼ਕਤੀ। ਸਰਕਾਰ, ਜੇਕਰ ਉਹ ਜਨਤਕ ਹਿੱਤ ਵਿੱਚ ਮੁਨਾਸਬ ਸਮਝਦੀ ਹੈ, ਤਾਂ ਉਹ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਇੱਕ ਹੁਕਮ ਦੁਆਰਾ, ਯੂਨੀਵਰਸਿਟੀ ਨੂੰ ਨੀਤੀ ਨਿਰਦੇਸ਼ ਜਾਰੀ ਕਰ ਸਕਦੀ ਹੈ ਜਾਂ ਯੂਨੀਵਰਸਿਟੀ ਦੀ ਕਿਸੇ ਕਾਰਵਾਈ ਨੂੰ ਰੱਦ ਕਰ ਸਕਦੀ ਹੈ, ਜੋ, ਉਸਦੀ ਰਾਏ ਵਿੱਚ, ਇਸ ਐਕਟ ਅਤੇ ਪ੍ਰਵਿਧਾਨਾਂ ਦੇ ਉਪਬੰਧਾਂ ਦੇ ਅਨੁਰੂਪ ਨਹੀਂ ਹੈ:

ਪਰੰਤੂ ਯੂਨੀਵਰਸਿਟੀ ਦੀਆਂ ਕਿਸੇ ਕਾਰਵਾਈਆਂ ਨੂੰ ਰੱਦ ਕਰਨ ਤੋਂ ਪਹਿਲਾਂ, ਰਾਜ ਸਰਕਾਰ ਯੂਨੀਵਰਸਿਟੀ ਨੂੰ ਕਾਰਨ ਦੱਸਣ ਲਈ ਕਹੇਗੀ ਕਿ ਅਜਿਹਾ ਹੁਕਮ ਕਿਉਂ ਨਹੀਂ ਦਿੱਤਾ ਜਾਣਾ ਚਾਹੀਦਾ ਅਤੇ ਯੂਨੀਵਰਸਿਟੀ ਨੂੰ ਇਸ ਬਾਬਤ ਆਪਣਾ ਦ੍ਰਿਸ਼ਟੀਕੋਣ ਸਪੱਸ਼ਟ ਕਰਨ ਦਾ ਅਵਸਰ ਦਿੱਤਾ ਜਾਵੇਗਾ।

(2) ਉਪ-ਧਾਰਾ (1) ਅਧੀਨ ਪਾਸ ਕੀਤਾ ਗਿਆ ਹਰੇਕ ਹੁਕਮ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਅੱਗੇ ਰੱਖਿਆ ਜਾਵੇਗਾ।

ਯੂਨੀਵਰਸਿਟੀ ਦੁਆਰਾ ਬਾਂਧਾਂ ਦਾ ਨਿਸਤਾਰਾ ਕੀਤਾ ਜਾਣਾ।

48. ਇਸ ਐਕਟ ਦੇ ਅਰੰਭ ਹੋਣ ਤੋਂ ਪਹਿਲਾਂ, ਮੌਜੂਦਾ ਯੂਨੀਵਰਸਿਟੀ ਦੁਆਰਾ ਕਿਸੇ ਵਿਅਕਤੀ ਨੂੰ ਕੋਈ ਡਿਗਰੀ ਜਾਂ ਹੋਰ ਅਕਾਦਮਿਕ ਉਪਾਧੀ ਪ੍ਰਦਾਨ ਕਰਨ ਜਾਂ ਕਿਸੇ ਵਿਅਕਤੀ ਨੂੰ ਕਿਸੇ ਡਿਗਰੀ, ਡਿਪਲੋਮਾ, ਸਰਟੀਫਿਕੇਟ, ਅੰਕ ਸ਼ੀਟ ਜਾਂ ਹੋਰ ਦਸਤਾਵੇਜ਼ ਦੀ ਕੋਈ ਨਕਲ ਦੇਣ ਲਈ ਉਠਾਈ ਗਈ ਕੋਈ ਵੀ ਬਾਂਧ, ਅਜਿਹੇ ਅਰੰਭ 'ਤੇ, ਯੂਨੀਵਰਸਿਟੀ ਦੀ ਬਾਂਧ ਹੋਵੇਗੀ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

49. (1) ਜੇਕਰ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨ ਹੋਣ ਵਾਲੇ ਅਜਿਹੇ ਉਪਬੰਧ ਕਰ ਸਕੇਗੀ ਜੋ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਜਾਪਦੇ ਹੋਣ:

ਪਰੰਤੂ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਤੋਂ ਦੋ ਸਾਲਾਂ ਦੀ ਮੁੱਦਤ ਗੁਜ਼ਰਣ ਤੋਂ ਪਿੱਛੋਂ, ਇਸ ਧਾਰਾ ਅਧੀਨ ਕੋਈ ਹੁਕਮ ਨਹੀਂ ਦਿੱਤਾ ਜਾਵੇਗਾ।

(2) ਇਸ ਧਾਰਾ ਅਧੀਨ ਕੀਤਾ ਗਿਆ ਹਰੇਕ ਹੁਕਮ, ਇਸ ਦੇ ਕੀਤੇ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਅੱਗੇ ਰੱਖਿਆ ਜਾਵੇਗਾ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

ਡਿਸਕਲੇਮਰ:- ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

*3800/8-2026/Pb. Govt. Press, S.A.S. Nagar*